JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Auto&Home Insurance
- Commercial Vehicle Insurance
- Commercial Property Insurance
- Commercial General Liability (CGL)
- Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

To view our online newspaper visit punjabipost.ca/epaper | Vol 21* Issue 241 | Friday, December 16, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਬਰਫੀਲੇ ਤੂਫਾਨ ਕਾਰਨ ਜੀਟੀਏ ਵਿੱਚ ਆਵਾਜਾਈ ਹੋਈ ਪ੍ਰਭਾਵਤ



ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ ਬਰਫਬਾਰੀ ਸਬੰਧੀ ਚੇਤਾਵਨੀ ਅਜੇ ਵੀ ਜਾਰੀ ਹੈ ਤੇ ਇਸ ਨਾਲ ਸਾਮ ਸਮੇਂ ਆਵਾਜਾਈ ਵਿੱਚ ਵੀ ਦਿੱਕਤ ਪੇਸ਼ ਆ ਸਕਦੀ ਹੈ।

ਦਿਨ ਦੀ ਸ਼ੁਰੂਆਤ ਬੂੰਦਾਬਾਦੀ ਤੇ ਬਰਫਬਾਰੀ ਨਾਲ ਹੋਈ ਪਰ ਸ਼ਾਮ ਹੁੰਦਿਆਂ ਸਾਰ ਮੌਸਮ ਨੇ ਕਰਵਟ ਲਈ ਤੇ ਤਾਪਮਾਨ ਵਿੱਚ ਭਾਰੀ ਗਿਰਾਵਟ ਆਉਣ ਦੇ ਨਾਲ ਨਾਲ ਮੀਂਹ ਦੀ ਥਾਂ ਭਾਰੀ ਬਰਫਬਾਰੀ ਨੇ ਲੈ ਲਈ। ਹਾਲਟਨ, ਪੀਲ ਤੇ ਹੈਮਿਲਟਨ ਵਿੱਚ ਦੁਪਹਿਰੇ 3:00 ਵਜੇ ਤੋਂ ਪਹਿਲਾਂ ਬਰਫਬਾਰੀ ਦੀ ਚੇਤਾਵਨੀ ਖ਼ਤਮ ਹੋਈ। ਪਰ ਇਨ੍ਹਾਂ ਰੀਜਨਜ਼ ਲਈ ਵੀ ਟਰੈਵਲ ਐਡਵਾਈਜ਼ਰੀ ਜਾਰੀ ਰੱਖੀ ਗਈ। ਯੌਰਕ ਤੇ ਦਰਹਾਮ ਦੇ ਨਾਲ ਨਾਲ ਬਹੁਤੇ ਪੂਰਬੀ ਓਨਟਾਰੀਓ ਵਿੱਚ ਬਰਫਬਾਰੀ ਦੀ ਚੇਤਾਵਨੀ ਅਜੇ ਵੀ ਜਾਰੀ ਹੈ।

ਟੋਰਾਂਟੋ ਵਿੱਚ ਵੀ ਟਰੈਵਲ ਸਬੰਧੀ ਐਡਵਾਈਜ਼ਰੀ ਜਾਰੀ ਹੈ। ਇਸ ਦੇ ਨਾਲ ਨਾਲ ਤੇਜ਼ ਹਵਾਵਾਂ ਨਾਲ ਮੌਸਮ ਹੋਰ ਖਰਾਬ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਜੀਟੀਏ ਵਿੱਚ 15 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਕੋਲਿਜ਼ਨ ਰਿਪੋਰਟਿੰਗ ਸੈਂਟਰ ਕੱਲ੍ਹ ਤੱਕ ਖਾਲੀ ਪਿਆ ਸੀ ਤੇ ਅੱਜ ਖਰਾਬ ਮੌਸਮ ਕਾਰਨ ਥਾਂ ਥਾਂ ਗੱਡੀਆਂ ਦੀਆਂ ਹੋਈਆਂ ਟੱਕਰਾਂ ਤੇ ਹਾਦਸਿਆਂ ਕਾਰਨ ਇਹ ਪਾਰਕਿੰਗ ਲੌਟ ਭਰ ਚੁੱਕਿਆ ਹੈ।

ਮੌਸਮ ਏਜੰਸੀ ਦਾ ਕਹਿਣਾ ਹੈ ਕਿ ਅਮਰੀਕਾ ਵੱਲ ਬਣੇ ਘੱਟ ਦਬਾਅ ਵਾਲੇ ਸਿਸਟਮ ਕਾਰਨ ਇਹ ਬਰਫੀਲਾ ਤੂਫਾਨ ਆਇਆ ਹੈ ਤੇ ਸਵੇਰ ਸਮੇਂ 70 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ ਤੇ ਇਸ ਤੂਫਾਨ ਦੇ ਵੀਰਵਾਰ ਸ਼ਾਮ ਤੱਕ ਮੱਠਾ ਪੈਣ ਦੀ ਸੰਭਾਵਨਾ ਹੈ।

## ਕੈਨੇਡਾ ਅਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਲਈ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਮਤਾ ਪੇਸ਼



ਬਰੈਂਪਟਨ, 15 ਦਸੰਬਰ (ਪੋਸਟ ਬਿਊਰੋ): ਬਰੈਂਪਟਨ ਸਿਟੀ ਕਾਊਂਸਲ ਵੱਲੋਂ ਫੈਡਰਲ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਪੰਜਾਬ ਲਈ ਸਿੱਧੀਆਂ ਉਡਾਨਾਂ ਸ਼ੁਰੂ ਕੀਤੀਆਂ ਜਾਣ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਫੈਡਰਲ ਸਰਕਾਰ ਵੱਲੋਂ ਭਾਰਤ ਨਾਲ ਨਵੀਂ ਡੀਲ ਵਿੱਚ ਕੁੱਝ ਚੋਣਵੀਆਂ ਏਅਰਲਾਈਨਜ਼ ਨੂੰ ਕੈਨੇਡਾ ਤੇ ਭਾਰਤ ਦਰਮਿਆਨ ਅਣਗਿਣਤ ਫਲਾਈਟਸ ਆਪਰੇਟ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਹੋਏ ਸਮਝੌਤੇ ਤਹਿਤ ਏਅਰਲਾਈਨਜ਼ ਵੱਲੋਂ ਹਰ ਹਫਤੇ ਹਰ ਦੇਸ਼ ਲਈ ਸਿਰਫ 35 ਫਲਾਈਟਸ ਹੀ ਆਪਰੇਟ ਕੀਤੀਆਂ ਜਾ ਸਕਦੀਆਂ ਸਨ।

ਇਸ ਨਵੀਂ ਡੀਲ ਤਹਿਤ ਕੈਨੇਡੀਅਨ ਏਅਰਲਾਈਨਜ਼ ਨੂੰ ਬੰਗਲੌਰ, ਚੇਨਈ, ਦਿੱਲੀ, ਹਾਇਦਰਾਬਾਦ, ਕੋਲਕ-ਤਾ ਤੇ ਮੁੰਬਈ ਲਈ ਅਣਗਿਣਤ ਉਡਾਨਾਂ ਸ਼ੁਰੂ ਕਰਨ ਵਾਸਤੇ ਹਰੀ ਝੰਡੀ ਦਿੱਤੀ ਗਈ ਹੈ ਜਦਕਿ ਭਾਰਤੀ ਏਅਰਲਾਈਨਜ਼ ਨੂੰ ਟੋਰਾਂਟੋ, ਮਾਂਟਰੀਅਲ, ਐਡਮੰਟਨ ਤੇ ਵੈਨਕੂਵਰ ਦੇ ਨਾਲ ਨਾਲ ਦੋ ਹੋਰਨਾਂ ਲੋਕੇਸ਼ਨਜ਼ ਲਈ ਅਣਗਿਣਤ ਉਡਾਨਾਂ ਲਿਆਉਣ ਦੀ ਖੁੱਲ੍ਹ ਹੋਵੇਗੀ। ਪਰ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਪੰਜਾਬ ਲਈ ਵੀ ਕੈਨੇਡਾ ਤੋਂ ਸਿੱਧੀਆਂ ਉਡਾਨਾਂ ਦੀ ਮੰਗ ਕੀਤੀ ਜਾ ਰਹੀ ਹੈ।

ਕਾਊਂਸਲ ਦਾ ਤਰਕ ਹੈ ਕਿ ਕੈਨੇਡਾ ਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦਾ ਆਰਥਿਕ ਤੇ ਸਮਾਜਕ ਲਾਹਾ ਹੋਵੇਗਾ। ਇਸ ਸਬੰਧ ਵਿੱਚ ਕਾਊਂਸਲਰ ਗੁਰਪ੍ਰਤਾਪ ਸਿੰਘ ਤੂਰ ਵੱਲੋਂ ਮਤਾ ਪੇਸ਼ ਕੀਤਾ ਗਿਆ ਤੇ ਇਹ ਵੀ ਆਖਿਆ ਗਿਆ ਕਿ ਪੰਜਾਬ ਤੋਂ ਬਾਹਰ ਜੇ ਕਿਤੇ ਸੱਭ ਤੋਂ ਵੱਧ ਪੰਜਾਬੀਆਂ ਦੀ ਆਬਾਦੀ ਹੈ ਤਾਂ ਉਹ ਬਰੈਂਪਟਨ ਹੈ। ...ਬਾਕੀ ਪੰਨਾ 2 'ਤੇ

### ਅੰਦਰ ਇਹ ਵੀ ਪੜ੍ਹੋ


**ਪ੍ਰੋਵਿੰਸ ਵੱਲੋਂ ਹੈਲਥ ਸਿਸਟਮ ਵਿੱਚ ਸੁਧਾਰ ਬਿਨਾਂ ਹੋਰ ਫੰਡ ਜਾਰੀ ਨਹੀਂ ਕਰੇਗੀ ਫੈਡਰਲ ਸਰਕਾਰ : ਟਰੂਡੋ**



ਪੰਨਾ 02

**ਗੁਜਰਾਤ, ਹਿਮਾਚਲ ਅਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਤੋਂ ਬਾਅਦ**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

## ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਲੋਕਾਂ ਨੂੰ ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਵਾਲੇ ਪ੍ਰੋਗਰਾਮ 'ਚ ਸ਼ਾਮਲ ਨਹੀਂ ਕਰਨਾ ਚਾਹੁੰਦੀ ਸਰਕਾਰ



ਓਟਵਾ, 15 ਦਸੰਬਰ (ਪੋਸਟ ਬਿਊਰੋ) : ਲਿਬਰਲ ਸਰਕਾਰ ਵੱਲੋਂ ਵੀਰਵਾਰ ਨੂੰ ਇਹ ਐਲਾਨ ਕੀਤਾ ਗਿਆ ਕਿ ਉਹ ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਵਾਲੇ ਪ੍ਰੋਗਰਾਮ ਦੇ ਪਸਾਰ ਵਿੱਚ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਲੋਕਾਂ ਨੂੰ ਸ਼ਾਮਲ ਕਰਨ ਤੋਂ ਅਜੇ ਕੁੱਝ ਸਮਾਂ ਹੋਰ ਰੁਕਣਾ ਚਾਹੁੰਦੀ ਹੈ। ਸਰਕਾਰ ਦਾ ਤਰਕ ਹੈ ਕਿ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਲੋਕਾਂ ਨੂੰ ਅਜੇ ਸ਼ਾਮਲ ਨਹੀਂ ਕੀਤਾ ਜਾ ਸਕਦਾ ਜਿਹੜੇ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹਨ। ...ਬਾਕੀ ਪੰਨਾ 2 'ਤੇ

## ਟਾਈਗਰਜ਼ ਸੰਸਥਾ ਵੱਲੋਂ ਬੱਚਿਆਂ ਨੂੰ ਵੰਡੇ ਗਏ ਵੱਡੀ ਪੱਧਰ 'ਤੇ ਖਿਡੌਣੇ



ਬਰੈਂਪਟਨ, 15 ਦਸੰਬਰ (ਪੋਸਟ ਬਿਊਰੋ): ਜਗਤ ਪ੍ਰਸਿੱਧ ਫ੍ਰੀ ਸਟਾਈਲ ਰੈਸਲਿੰਗ ਵਿਚ ਜਾਣੇ ਜਾਂਦੇ ਟਾਈਗਰ ਜੀਤ ਸਿੰਘ ਅਤੇ ਟਾਈਗਰ ਅਲੀ ਸਿੰਘ ਜੂਨੀਅਰ ਵੱਲੋਂ ਟਾਈਗਰ ਜੀਤ ਸਿੰਘ ਫਾਊਂਡੇਸ਼ਨ ਦੇ ਨਾਮ ਹੇਠ ਇਸ ਵਾਰ ਫੇਰ ਬਰੈਂਪਟਨ ਵਿਚ ਬੱਚਿਆਂ ਨੂੰ ਖਿਡੌਣੇ ਵੰਡੇ ਗਏ। ਬਰੈਂਪਟਨ ਵਿਚ ਅਜਿਹੇ ਕਈ ਪਰਿਵਾਰ ਹਨ ਜੋ ਕਿ ਆਪਣੇ ਬੱਚਿਆਂ ਲਈ ਖਿਡੌਣੇ ਨਹੀਂ ਖਰੀਦ ਸਕਦੇ। ਇਸੇ ਨੂੰ ਧਿਆਨ ਵਿਚ ਰੱਖਦਿਆਂ ਬਰੈਂਪਟਨ ਵਿਚ ਟਾਈਗਰ ਜੀਤ ਸਿੰਘ ਫਾਊਂਡੇਸ਼ਨ ਵਲੋਂ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਅਤੇ ਪੀਲ ਰੀਜਨਲ ਪੁਲਸ ਦੀ ਸਹਾਇਤਾ ਨਾਲ ਦੂਜਾ ਸਲਾਨਾ 'ਮਿਰੇਕਲ ਆਨ ਮੇਨ ਸਟਰੀਟ' ਟਾਏ ਡਰਾਈਵ ਚੈਰਿਟੀ ਈਵੈਂਟ ਕਰਵਾਇਆ ਗਿਆ। ਨਵੇਂ ਖਿਡੌਣੇ ਲਿਆਉਣ ਵਾਲਿਆਂ ਨੂੰ ਈਵੈਂਟ ਵਿਚ ਦਾਖਲਾ ਮੁਫਤ ਸੀ। ਇਸ ਦੌਰਾਨ ਮੁਫਤ ਅਮਿਊਜ਼ਮੈਂਟ ਰਾਈਡਜ਼, ਮੁਫਤ ਪੈਟਿੰਗ ਜ਼ੂ ਅਤੇ ਮੁਫਤ ਪੋਨੀ ਰਾਈਡਜ਼, ਸਟੇਜ ਪੇਸ਼ਕਾਰੀਆਂ, ਖਾਣਾ ਅਤੇ ਹੋਰ ਬਹੁਤ ਪ੍ਰਬੰਧ ਸਨ। ਇਸ ਦੌਰਾਨ ਰੈਸਲਰ ਟਾਈਗਰ ਜੀਤ ਸਿੰਘ, ਸਾਬਕਾ ਡਬਲਿਊ.ਡਬਲਿਊ.ਈ.ਸੁਪਰਸਟਾਰ ਟਾਈਗਰ ਅਲੀ ਸਿੰਘ, ਮੇਅਰ ਬਰੈਂਪਟਨ ਪੈਟ੍ਰਿਕ ਬ੍ਰਾਊਨ, ਪੀਲ ਪੁਲਸ ਚੀਫ ਨਿਸ਼ਾਨ ਦੁਰੱਈਅੱਪਾ ਅਤੇ ਕੌਂਸਲ ਦੇ ਮੈਂਬਰ ਮੌਜੂਦ ਸਨ।

ਬਾਕੀ ਪੰਨਾ 15 'ਤੇ ਦੇਖੋ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
PRICE $5199* NO TAX
UPGRADE LAUNDRY IN JUST $99*
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic.12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਪ੍ਰੋਵਿੰਸ ਵੱਲੋਂ ਹੈਲਥ ਸਿਸਟਮ ਵਿੱਚ ਸੁਧਾਰ ਬਿਨਾਂ ਹੋਰ ਫੰਡ ਜਾਰੀ ਨਹੀਂ ਕਰੇਗੀ ਫੈਡਰਲ ਸਰਕਾਰ : ਟਰੂਡੋ



ਓਟਵਾ, 15 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਹੈਲਥ ਕੇਅਰ ਦੇ ਭਵਿੱਖ ਨੂੰ ਲੈ ਕੇ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਦਰਮਿਆਨ ਚੱਲ ਰਹੀ ਗੱਲਬਾਤ ਵਿੱਚ ਖੜੋਤ ਪੈਦਾ ਹੋ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਆਪਣੀਆਂ ਤਾਜ਼ਾ ਟਿੱਪਣੀਆਂ ਤੋਂ ਇਹ ਸੰਕੇਤ ਦੇ ਦਿੱਤਾ ਹੈ ਕਿ ਉਹ ਇਸ ਵਾਰੀ ਨਹੀਂ ਝੁਕਣਗੇ।

ਸੋਮਵਾਰ ਨੂੰ ਇੱਕ ਇੰਟਰਵਿਊ ਵਿੱਚ ਟਰੂਡੋ ਨੇ ਆਖਿਆ ਕਿ ਇਸ ਵਾਰੀ ਉਹ ਹੈਲਥ ਕੇਅਰ ਸੁਧਾਰਾਂ ਨੂੰ ਲੀਹ ਤੋਂ ਨਹੀਂ ਉਤਰਨ ਦੇਣਗੇ। ਦੂਜੇ ਪਾਸੇ ਪ੍ਰੋਵਿੰਸ਼ੀਅਲ ਪ੍ਰੀਮੀਅਰਜ਼ ਵੱਲੋਂ ਆਪਣੇ ਬਿਮਾਰ ਪਏ ਹੈਲਥ ਸਿਸਟਮਜ਼ ਵਿੱਚ ਸੁਧਾਰ ਕਰਨ ਲਈ ਫੈਡਰਲ ਸਰਕਾਰ ਤੋਂ ਹੋਰ ਫੰਡਾਂ ਦੀ ਮੰਗ ਕੀਤੀ ਜਾ ਰਹੀ ਹੈ।ਟਰੂਡੋ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਵੱਡੀ ਸਮੱਸਿਆ ਹੈ ਪਰ ਹਰ ਵਾਰੀ ਫੈਡਰਲ ਸਰਕਾਰ ਫੰਡ ਜਾਰੀ ਕਰਕੇ ਇਸ ਸਮੱਸਿਆ ਨੂੰ ਹੱਲ ਹੁੰਦਾ ਵੇਖਣ ਲਈ ਹੱਥ ਉੱਤੇ ਹੱਥ ਧਰ ਕੇ ਇੰਤਜ਼ਾਰ ਨਹੀਂ ਕਰ ਸਕਦੀ। ਉਹ ਵੀ ਉਦੋਂ ਜਦੋਂ ਸਮੱਸਿਆ ਫਿਰ ਵੀ ਠੀਕ ਨਹੀਂ ਹੁੰਦੀ। ਪਰ ਹੁਣ ਸਮਾਂ ਆ ਗਿਆ ਹੈ ਜਦੋਂ ਸਿਸਟਮ ਵਿੱਚ ਸੁਧਾਰ ਕਰਨਾ ਹੋਵੇਗਾ। ਬੱਚਿਆਂ ਵਿੱਚ ਸਾਹ ਸਬੰਧੀ ਬਿਮਾਰੀ ਫੈਲਣ ਕਾਰਨ ਦੇਸ਼ ਭਰ ਦੇ ਹਸਪਤਾਲ ਲੋੜ ਤੋਂ ਵੱਧ ਭਰੇ ਹੋਏ ਹਨ, ਦੂਜੇ ਪਾਸੇ ਬੱਚਿਆਂ ਤੇ ਹੋਰਨਾਂ ਮਰੀਜ਼ਾਂ ਦਾ ਇਲਾਜ ਕਰਨ ਲਈ ਸਟਾਫ ਦੀ ਘਾਟ ਵੀ ਪਾਈ ਜਾ ਰਹੀ ਹੈ। ਮਹਾਂਮਾਰੀ ਤੋਂ ਬਾਅਦ ਲਾਂਗ ਟਰਮ ਤੇ ਹੋਰਨਾਂ ਫੰਡਾਂ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ਪ੍ਰੋਵਿੰਸਾਂ ਵੱਲੋਂ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਦੀ ਮੰਗ ਕੀਤੀ ਜਾ ਰਹੀ ਸੀ।ਜ਼ਿਕਰਯੋਗ ਹੈ ਕਿ ਪ੍ਰੋਵਿੰਸ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਦੇਸ਼ ਭਰ ਵਿੱਚ ਹੈਲਥ ਕੇਅਰ ਉੱਤੇ ਆਉਣ ਵਾਲੇ ਖਰਚੇ ਦਾ 35 ਫੀ ਸਦੀ ਦੇਵੇ ਜੋ ਕਿ ਹੁਣ ਨਾਲੋਂ 22 ਫੀ ਸਦੀ ਵੱਧ ਹੈ।

ਪਹਿਲਾਂ ਟਰੂਡੋ ਨੇ ਪ੍ਰੋਵਿੰਸਾਂ ਨੂੰ ਆਖਿਆ ਸੀ ਕਿ ਇਸ ਫੰਡ ਲਈ ਉਹ ਮਹਾਂਮਾਰੀ ਖ਼ਤਮ ਹੋਣ ਤੱਕ ਦੀ ਉਡੀਕ ਕਰਨ ਪਰ ਬਾਅਦ ਵਿੱਚ ਉਨ੍ਹਾਂ ਓਮਾਇਕ੍ਰੌਨ ਵੇਵ ਦੌਰਾਨ 2 ਬਿਲੀਅਨ ਡਾਲਰ ਇੱਕਮੁਸ਼ਤ, ਜੋ ਕਿ ਇਸ ਕੰਮ ਲਈ ਹੀ ਸਮਰਪਿਤ ਸੀ, ਜਾਰੀ ਕਰ ਦਿੱਤਾ। ਹੁਣ ਟਰੂਡੋ ਦਾ ਕਹਿਣਾ ਹੈ ਕਿ ਹੋਰ ਫੰਡ ਜਾਰੀ ਕਰਨ ਤੋਂ ਪਹਿਲਾਂ ਸਿਸਟਮ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਤੱਕ ਪ੍ਰੋਵਿੰਸ ਤਬਦੀਲੀ ਦਾ ਵਾਅਦਾ ਨਹੀਂ ਕਰਦੇ ਉਨ੍ਹਾਂ ਵੱਲੋਂ ਹੋਰ ਫੰਡ ਜਾਰੀ ਨਹੀਂ ਕੀਤੇ ਜਾਣਗੇ।

## ਡਾਊਨਟਾਊਨ ਟੋਰਾਂਟੋ ਦੇ ਘਰ ਵਿੱਚ ਲੱਗੀ ਜ਼ਬਰਦਸਤ ਅੱਗ



ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ): ਡਾਊਨਟਾਊਨ ਟੋਰਾਂਟੋ ਵਿੱਚ ਤੜਕਸਾਰ ਇੱਕ ਘਰ ਨੂੰ ਲੱਗੀ ਅੱਗ ਨਾਲ ਫਾਇਰ ਅਮਲਾ ਜੂਝ ਰਿਹਾ ਹੈ।

ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਵੇਰੇ 5:30 ਵਜੇ ਦੇ ਨੇੜੇ ਤੇੜੇ ਗ੍ਰੈਂਗ ਐਵਨਿਊ ਤੇ ਬੈਵਰਲੀ ਸਟਰੀਟ ਇਲਾਕੇ ਵਿੱਚ ਸਥਿਤ ਇੱਕ ਘਰ ਵਿੱਚ ਜ਼ਬਰਦਸਤ ਅੱਗ ਲੱਗ ਗਈ। ਇਸ ਘਰ ਦੇ ਨੇੜੇ ਸਥਿਤ ਘਰਾਂ ਵਿੱਚੋਂ ਅਜੇ ਵੀ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਨਿੱਘਾ ਰੱਖਣ ਲਈ ਸ਼ੈਲਟਰ ਬੱਸਾਂ ਦੀ ਮਦਦ ਲਈ ਜਾ ਰਹੀ ਹੈ।

ਮੌਕੇ ਤੋਂ ਹਾਸਲ ਹੋਈਆਂ ਤਸਵੀਰਾਂ ਤੋਂ ਇਸ ਘਰ ਵਿੱਚੋਂ ਅੱਗ ਦੀਆਂ ਲਪਟਾਂ ਤੇ ਧੂੰਏ ਦੇ ਸੰਘਣੇ ਬੱਦਲ ਨਿਕਲਦੇ ਵੇਖੇ ਜਾ ਸਕਦੇ ਹਨ। ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਗੁਆਂਢੀਆਂ ਨੇ ਦੱਸਿਆ ਕਿ ਕੁੱਝ ਸਮੇਂ ਤੋਂ ਇਹ ਘਰ ਖਾਲੀ ਪਿਆ ਸੀ ਤੇ ਸਾਰਾ ਸਾਲ ਇੱਥੇ ਕਿਸੇ ਨੂੰ ਆਉਂਦਿਆਂ ਜਾਂਦਿਆਂ ਨਹੀਂ ਵੇਖਿਆ ਗਿਆ।

## ਟੈਂਟ ਵਿੱਚ ਅੱਗ ਲੱਗਣ ਕਾਰਨ ਇੱਕ ਜ਼ਖਮੀ



ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਗਾਰਡੀਨਰ ਐਕਸਪ੍ਰੈੱਸਵੇਅ ਦੇ ਹੇਠਾਂ ਲਾਏ ਗਏ ਟੈਂਟ ਵਿੱਚ ਅੱਗ ਲੱਗ ਜਾਣ ਕਾਰਨ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਟੋਰਾਂਟੋ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਨ੍ਹਾਂ ਨੂੰ ਸਪੈਡਿਨਾ ਐਵਨਿਊ ਨੇੜੇ ਅੱਧੀ ਰਾਤ ਤੋਂ ਠੀਕ ਪਹਿਲਾਂ ਇਹ ਘਟਨਾ ਵਾਪਰਨ ਦੀ ਜਾਣਕਾਰੀ ਮਿਲੀ।ਜਾਂਚਕਾਰਾਂ ਦਾ ਕਹਿਣਾ ਹੈ ਕਿ ਜਿਸ ਇਲਾਕੇ ਵਿੱਚ ਅੱਗ ਲੱਗੀ ਸੀ ਟੈਂਟ ਵੀ ਉੱਥੇ ਹੀ ਮਿਲਿਆ ਪਰ ਇਸ ਗੱਲ ਦੀ ਕੋਈ ਪੁਸ਼ਟੀ ਨਹੀਂ ਹੋ ਸਕਦੀ ਕਿ ਜਿਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਉਹ ਉਸ ਟੈਂਟ ਵਿੱਚ ਹੀ ਰਹਿ ਰਿਹਾ ਸੀ।

ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਜਾਨਲੇਵਾ ਜ਼ਖ਼ਮਾਂ ਨਾਲ ਟਰੌਮਾ ਸੈਂਟਰ ਲਿਜਾਇਆ ਗਿਆ।

## ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ 4 ਵਿਅਕਤੀਆਂ ਨੂੰ ਕੀਤਾ ਗਿਆ ਗ੍ਰਿਫਤਾਰ



ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।

ਡਾਕੇ ਦਰਮਿਆਨ 911 ਉੱਤੇ ਮਿਲੀ ਕਾਲ ਤੋਂ ਬਾਅਦ ਦੁਪਹਿਰੇ 2:15 ਦੇ ਨੇੜੇ ਤੇੜੇ ਬਲੂਅਰ ਸਟਰੀਟ ਵੈਸਟ ਤੇ ਸ਼ਾਅ ਸਟਰੀਟ ਉੱਤੇ ਪੁਲਿਸ ਪਹੁੰਚੀ। ਇੰਸਪੈਕਟਰ ਲੌਰੀ ਕ੍ਰੋਨਨਬਰਗ ਨੇ ਦੱਸਿਆ ਕਿ ਚਾਰ ਮਸ਼ਕੂਕ ਸਟੋਰ ਵਿੱਚ ਪਹੁੰਚੇ ਤੇ ਇੱਕ ਵਿਅਕਤੀ ਕੋਲ ਹਥਿਆਰ ਸੀ। ਤਿੰਨ ਵਿਅਕਤੀਆਂ ਨੂੰ ਸਟੋਰ ਵਿੱਚੋਂ ਨਿਕਲਦੇ ਸਾਰ ਗ੍ਰਿਫਤਾਰ ਕਰ ਲਿਆ ਗਿਆ ਤੇ ਇੱਕ ਨੇ ਭੱਜਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ ਪਰ ਉਸ ਨੂੰ ਵੀ ਜਲਦ ਹੀ ਲੋਕੇਟ ਕਰ ਲਿਆ ਗਿਆ। ਚਾਰਾਂ ਮਸ਼ਕੂਕਾਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ।ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਜਿੱਥੇ ਇਹ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਗਈ ਉੱਥੇ ਸੋਨੇ ਤੇ ਚਾਂਦੀ ਦੀਆਂ ਬਾਰਜ਼ ਨਾਲ ਭਰਿਆ ਇੱਕ ਡਫਲ ਬੈਗ ਸਟੋਰ ਦੇ ਬਾਹਰ ਡਿੱਗ ਕੇ ਖਿੱਲਰ ਗਿਆ। ਕ੍ਰੋਨਨਬਰਗ ਨੇ ਆਖਿਆ ਕਿ ਇਹ ਡਾਕਾ ਸੋਨਾ ਚੋਰੀ ਕਰਨ ਦੇ ਇਰਾਦੇ ਨਾਲ ਮਾਰਿਆ ਗਿਆ ਹੋਵੇਗਾ। ਯੌਰਕ ਰੀਜਨਲ ਪੁਲਿਸ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਇਨ੍ਹਾਂ ਚਾਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਉਨ੍ਹਾਂ ਦੀ ਯੂਨਿਟ ਵੱਲੋਂ ਵੀ ਮਦਦ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਇਹ ਚਾਰੇ ਨਿਗਰਾਨੀ ਹੇਠ ਸਨ। ਕੁੱਝ ਸਮੇਂ ਪਹਿਲਾਂ ਮਾਰੇ ਗਏ ਡਾਕਿਆਂ ਦੀ ਪੀਲ, ਟੋਰਾਂਟੋ ਤੇ ਯੌਰਕ ਪੁਲਿਸ ਵੱਲੋਂ ਸਾਂਝੇ ਤੌਰ ਉੱਤੇ ਜਾਂਚ ਕੀਤੀ ਜਾ ਰਹੀ ਸੀ ਤੇ ਇਹ ਗ੍ਰਿਫਤਾਰੀ ਸਾਂਝੇ ਯਤਨਾਂ ਦਾ ਹੀ ਨਤੀਜਾ ਹੈ।

## ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਦੋ ਹਲਾਕ



ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਹਾਈਵੇਅ 401 ਉੱਤੇ ਗਲਤ ਪਾਸੇ ਗੱਡੀ ਡਰਾਈਵ ਕਰਨ ਕਾਰਨ ਦੋ ਗੱਡੀਆਂ ਦੀ ਹੋਈ ਆਹਮੋ ਸਾਹਮਣੀ ਟੱਕਰ ਵਿੱਚ ਦੋ ਵਿਅਕਤੀ ਮਾਰੇ ਗਏ।ਇਹ ਜਾਣਕਾਰੀ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀਆਂ ਵੱਲੋਂ ਦਿੱਤੀ ਗਈ। ਓਪੀਪੀ ਟਵਿੱਟਰ ਐਕਾਊਂਟ ਉੱਤੇ ਹਾਦਸੇ ਦੇ ਕਈ ਘੰਟੇ ਬਾਅਦ ਅਪਡੇਟ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਬੇਅਵਿਊ ਐਵਨਿਊ ਨੇੜੇ ਹਾਈਵੇਅ ਦੀ ਪੂਰਬ ਵਾਲੀਆਂ ਲੇਨਜ਼ ਉੱਤੇ ਸਵੇਰੇ 5:30 ਵਜੇ ਵਾਪਰੀ।ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਕਾਲੇ ਰੰਗ ਦੀ ਗੱਡੀ ਦੇ ਪੂਰਬ ਵਾਲੀਆਂ ਲੇਨਜ਼ ਉੱਤੇ ਪੱਛਮ ਵੱਲ ਜਾਂਦਿਆਂ ਵੇਖਣ ਦੀਆਂ ਰਿਪੋਰਟਾਂ ਮਿਲੀਆਂ।

ਉਨ੍ਹਾਂ ਦੱਸਿਆ ਕਿ ਗੱਡੀ 35 ਸਾਲਾ ਮਿਸੀਸਾਗਾ ਦੀ ਮਹਿਲਾ ਚਲਾ ਰਹੀ ਸੀ ਤੇ ਗੱਡੀ ਪੂਰਬ ਵਾਲੀਆਂ ਲੇਨਜ਼ ਵਿੱਚ ਗੱਡੀ ਲਿਜਾ ਰਹੇ 53 ਸਾਲਾ ਵਿਅਕਤੀ ਦੀ ਗੱਡੀ ਨਾਲ ਟਕਰਾ ਗਈ।ਸ਼ਮਿਡਟ ਨੇ ਆਖਿਆ ਕਿ ਦੋਵਾਂ ਡਰਾਈਵਰਾਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਓਨਟਾਰੀਓ ਸਰਕਾਰ ਨੇ ਓਸੀਈਡਬਲਿਊ ਨਾਲ ਡੀਲ ਕੀਤੀ ਫਾਈਨਲ



ਓਨਟਾਰੀਓ, 15 ਦਸੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਓਨਟਾਰੀਓ ਸਰਕਾਰ ਵੱਲੋਂ ਓਨਟਾਰੀਓ ਕਾਊਂਸਲ ਆਫ ਐਜੂਕੇਸ਼ਨਲ ਵਰਕਰਜ਼ (ਓਸੀਈਡਬਲਿਊ) ਦੀ ਨੁਮਾਇੰਦਗੀ ਵਾਲੇ ਸਕੂਲ ਸਟਾਫ ਨਾਲ ਡੀਲ ਸਿਰੇ ਚੜ੍ਹਾ ਲਈ ਗਈ ਹੈ।

ਓਸੀਈਡਬਲਿਊ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਹ ਡੀਲ ਬਾਰਗੇਨਿੰਗ ਕਾਊਂਸਲ, ਦ ਕਾਊਂਸਲ ਆਫ ਟਰੱਸਟੀਜ਼ ਐਸੋਸਿਏਸ਼ਨ ਐਂਡ ਦ ਪ੍ਰੋਵਿੰਸ ਦਰਮਿਆਨ ਕਈ ਦਿਨਾਂ ਤੱਕ ਚੱਲੀ ਗੱਲਬਾਤ ਤੋਂ ਬਾਅਦ ਸਿਰੇ ਚੜ੍ਹਾਈ ਗਈ। ਇਹ ਵੀ ਆਖਿਆ ਗਿਆ ਕਿ ਆਉਣ ਵਾਲੇ ਕੁੱਝ ਹਫਤਿਆਂ ਵਿੱਚ ਪ੍ਰੋਵਿੰਸ ਭਰ ਦੇ ਉਨ੍ਹਾਂ ਦੇ ਮੈਂਬਰਾਂ ਵੱਲੋਂ ਇਸ ਉੱਤੇ ਮੋਹਰ ਲਾਉਣ ਦਾ ਕੰਮ ਕੀਤਾ ਜਾਵੇਗਾ।

ਓਸੀਈਡਬਲਿਊ ਪ੍ਰੋਵਿੰਸ ਭਰ ਦੇ ਪਬਲਿਕ ਤੇ ਕੈਥੋਲਿਕ ਸਕੂਲ ਬੋਰਡਜ਼ ਦੇ ਹਜ਼ਾਰਾਂ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ ਤੇ ਇਨ੍ਹਾਂ ਵਿੱਚ ਐਜੂਕੇਸ਼ਨਲ ਰਿਸੋਰਸ ਫੈਸਿਲਿਟੇਟਰਜ਼ ਤੇ ਮੇਨਟੇਨੈਂਸ ਤੇ ਕੰਸਟ੍ਰਕਸ਼ਨ ਵਰਕਰਜ਼ ਵੀ ਸ਼ਾਮਲ ਹਨ।ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇੱਕ ਰਲੀਜ਼ ਜਾਰੀ ਕਰਦਿਆਂ ਆਖਿਆ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਐਜੂਕੇਸ਼ਨ ਯੂਨੀਅਨਜ਼ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੇ ਸਮਰੱਥ ਹੈ।

## ਯੌਰਕ ਯੂਨੀਵਰਸਿਟੀ ਕੈਂਪਸ ਲਈ ਗੁਰਸਿੱਖ ਸਭਾ ਤੇ ਓਐਸਜੀਸੀ ਨੇ ਦਿੱਤੀ 75,000 ਡਾਲਰ ਦੀ ਡੋਨੇਸ਼ਨ



ਮਾਰਖਮ, 15 ਦਸੰਬਰ (ਪੋਸਟ ਬਿਊਰੋ) : ਗੁਰਸਿੱਖ ਸਭਾ ਵੱਲੋਂ ਬੀਤੇ ਦਿਨੀਂ ਮਾਰਖਮ ਵਿੱਚ ਤਿਆਰ ਹੋਣ ਵਾਲੇ ਯੌਰਕ ਯੂਨੀਵਰਸਿਟੀ ਦੇ ਨਵੇਂ ਕੈਂਪਸ ਲਈ 75,000 ਡਾਲਰ ਡੋਨੇਸ਼ਨ ਦਾ ਚੈੱਕ ਦਿੱਤਾ ਗਿਆ। ਇਹ ਉਪਰਾਲਾ ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ (ਓਐਸਜੀਸੀ) ਦੇ ਸਹਿਯੋਗ ਨਾਲ ਕੀਤਾ ਗਿਆ।

ਯੌਰਕ ਯੂਨੀਵਰਸਿਟੀ ਨੂੰ ਇਸ ਤਰ੍ਹਾਂ ਦੀ ਕਮਿਊਨਿਟੀ ਭਾਈਵਾਲੀ ਦਾ ਤਜਰਬਾ ਪਹਿਲੀ ਵਾਰੀ ਹੋਇਆ ਹੈ। ਗੁਰਸਿੱਖ ਸਭਾ ਕੈਨੇਡਾ ਤੇ ਓਐਸਜੀਸੀ ਦੇ ਮੈਂਬਰਾਂ ਨੇ ਆਖਿਆ ਕਿ ਉਨ੍ਹਾਂ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਹ ਇਸ ਤਰ੍ਹਾਂ ਦੀ ਪਹਿਲਕਦਮੀ ਦਾ ਹਿੱਸਾ ਬਣ ਰਹੇ ਹਨ। ਮੈਂਬਰਾਂ ਨੇ ਇਹ ਵੀ ਆਖਿਆ ਕਿ ਇਸ ਭਾਈਵਾਲੀ ਨਾਲ ਸਿੱਖ ਨੌਜਵਾਨਾਂ ਨੂੰ ਵੀ ਕਾਫੀ ਫਾਇਦਾ ਹੋਵੇਗਾ।

ਗੁਰਸਿੱਖ ਸਭਾ ਕੈਨੇਡਾ ਤੇ ਓਐਸਜੀਸੀ ਵੱਲੋਂ ਪਿਛਲੇ ਕੁੱਝ ਸਾਲਾਂ ਵਿੱਚ ਇਸ ਤਰ੍ਹਾਂ ਦਾ ਯੋਗਦਾਨ ਪਹਿਲਾਂ ਵੀ ਪਾਇਆ ਗਿਆ ਹੈ, ਇਸ ਤਰ੍ਹਾਂ ਦੇ ਉਪਰਾਲੇ ਤਹਿਤ 2017 ਵਿੱਚ ਮਾਰਖਮ ਸਟਫਵਿੱਲ ਹਸਪਤਾਲ ਨੂੰ 300,000 ਡਾਲਰ ਦੀ ਡੋਨੇਸ਼ਨ ਦਿੱਤੀ ਗਈ, 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਜੀਟੀਏ ਦੇ ਹਸਪਤਾਲ ਤੇ ਖਾਲਸਾ ਏਡ ਨੂੰ 100,000 ਡਾਲਰ ਦੀ ਰਕਮ ਡੋਨੇਟ ਕੀਤੀ ਗਈ, ਮਹਾਂਮਾਰੀ ਦੌਰਾਨ ਨਵੇਂ ਸਾਜ਼ੋ ਸਮਾਨ ਲਈ ਨੌਰਥ ਯੌਰਕ ਹਸਪਤਾਲ ਨੂੰ 75,000 ਡਾਲਰ ਦਿੱਤੇ ਗਏ।

## ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਲੋਕਾਂ ਨੂੰ ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਵਾਲੇ ਪ੍ਰੋਗਰਾਮ 'ਚ ਸ਼ਾਮਲ ਨਹੀਂ ਕਰਨਾ ਚਾਹੁੰਦੀ ਸਰਕਾਰ

...ਪੰਨਾ 1 ਦਾ ਬਾਕੀ

ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਉਨ੍ਹਾਂ ਨੇ ਅਜਿਹੇ ਤੌਖਲਿਆਂ ਨੂੰ ਵੀ ਸੁਣਿਆ ਹੈ ਕਿ ਹੈਲਥ ਕੇਅਰ ਸਿਸਟਮ ਇਸ ਤਰ੍ਹਾਂ ਦੇ ਗੁੰਝਲਦਾਰ ਮਾਮਲਿਆਂ ਨੂੰ ਹੈਂਡਲ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਆਖਿਆ ਕਿ ਕੁੱਝ ਪ੍ਰੋਵਿੰਸਾਂ, ਟੈਰੇਟਰੀਜ਼ ਤੇ ਹੈਲਥ ਕੇਅਰ ਸਿਸਟਮ ਵਿੱਚ ਕੰਮ ਕਰਨ ਵਾਲਿਆਂ ਵੱਲੋਂ ਇਹ ਆਖਿਆ ਗਿਆ ਹੈ ਕਿ ਇਸ ਲਈ ਹੋਰ ਸਮੇਂ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ 2021 ਵਿੱਚ ਪਾਸ ਕੀਤੇ ਗਏ ਮੈਡੀਕਲ ਸਹਾਇਤਾ ਨਾਲ ਮੌਤ ਨੂੰ ਗ਼ਲ ਲਾਉਣ ਸਬੰਧੀ ਕਾਨੂੰਨ ਵਿੱਚ ਇਸ ਪ੍ਰਬੰਧ ਨੂੰ ਆਰਜ਼ੀ ਤੌਰ ਉੱਤੇ ਸ਼ਾਮਲ ਕੀਤਾ ਗਿਆ ਹੈ ਕਿ ਜਿਹੜੇ ਮਾਨਸਿਕ ਗੜਬੜੀ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਹ ਪ੍ਰਬੰਧ 17 ਮਾਰਚ, 2023 ਨੂੰ ਖ਼ਤਮ ਹੋ ਜਾਵੇਗਾ।

ਲਾਮੇਟੀ ਨੇ ਆਖਿਆ ਕਿ ਮਾਨਸਿਕ ਗੜਬੜੀ ਕਾਰਨ ਮੌਤ ਨੂੰ ਗ਼ਲ ਲਾਉਣ ਦੀ ਮੰਗ ਕਰਨ ਵਾਲਿਆਂ ਦੇ ਇਲਾਜ ਦਾ ਲੰਮਾਂ ਇਤਿਹਾਸ ਹੁੰਦਾ ਹੈ, ਸਰਕਾਰ ਵੱਲੋਂ ਮੈਂਟਲ ਹੈਲਥ ਕੇਅਰ ਵਿੱਚ ਸੁਧਾਰ ਲਈ ਕਈ ਮਿਲੀਅਨ ਡਾਲਰ ਖਰਚ ਕੀਤੇ ਜਾ ਰਹੇ ਹਨ। ਇਸ ਲਈ ਅਜਿਹੇ ਮਾਮਲਿਆਂ ਵਿੱਚ ਇੰਜ ਨਹੀਂ ਹੋ ਸਕਦਾ ਕਿ ਕੋਈ ਸ਼ਖਸ ਡਿਪਰੈਸ਼ਨ ਦਾ ਸ਼ਿਕਾਰ ਹੋਇਆ ਤੇ ਉਸ ਨੇ ਆ ਕੇ ਮੌਤ ਨੂੰ ਗ਼ਲ ਲਾਉਣ ਲਈ ਮੈਡੀਕਲ ਸਹਾਇਤਾ ਦੀ ਮੰਗ ਕੀਤੀ ਤੇ ਉਸ ਦੀ ਇਹ ਇੱਛਾ ਤੁਰੰਤ ਪੂਰੀ ਕਰ ਦਿੱਤੀ ਜਾਵੇ।

# ਕੈਨੇਡਾ ਅਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਲਈ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਮਤਾ ਪੇਸ਼

...ਪੰਨਾ 1 ਦਾ ਬਾਕੀ

ਹਾਲਾਂਕਿ ਨਵੰਬਰ ਵਿੱਚ ਅਪਡੇਟ ਕੀਤੇ ਗਏ ਇਸ ਸਮਝੌਤੇ ਵਿੱਚ ਪੰਜਾਬ ਲਈ ਸਿੱਧੀਆਂ ਉਡਾਨਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਪਰ ਤੂਰ ਨੇ ਆਖਿਆ ਕਿ ਦਿੱਲੀ ਦੀ ਪੰਜਾਬ ਦੇ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਤੋਂ ਦੂਰੀ 244 ਕਿਲੋਮੀਟਰ ਹੈ। ਉਨ੍ਹਾਂ ਆਖਿਆ ਕਿ ਇਹ ਦੂਰੀ ਬਜ਼ੁਰਗਾਂ ਲਈ ਪੂਰੀ ਕਰਨਾਂ ਬਹੁਤ ਹੀ ਮੁਸ਼ਕਲ ਕੰਮ ਹੈ।

ਇਸ ਦੌਰਾਨ ਸਾਊਥ ਏਸ਼ੀਅਨ ਵੁਆਇਸ ਰੇਡੀਓ ਦੇ ਹੋਸਟ ਕੁਲਵਿੰਦਰ ਸਿੰਘ ਛੀਨਾ ਨੇ ਕਾਊਂਸਲ ਨਾਲ ਹੋਰ ਫਲਾਈਟਸ ਸ਼ੁਰੂ ਕਰਨ ਦੀ ਗੱਲ ਕਰਦਿਆਂ ਆਖਿਆ ਕਿ ਉਹ ਅਕਸਰ ਸਰੋਤਿਆਂ ਤੋਂ ਪੰਜਾਬ ਲਈ ਕੈਨੇਡਾ ਤੋਂ ਸਿੱਧੀਆਂ ਉਡਾਨਾਂ ਦੀ ਮੰਗ ਤੇ ਲੋੜ ਬਾਰੇ ਸੁਣਦੇ ਰਹਿੰਦੇ ਹਨ। ਛੀਨਾ ਨੇ ਇਹ ਵੀ ਆਖਿਆ ਕਿ ਇਸੇ ਤਰ੍ਹਾਂ ਪੰਜਾਬ ਤੋਂ ਆਉਣ ਵਾਲਿਆਂ ਲਈ ਕੁਨੈਕਟਿੰਗ ਫਲਾਈਟਸ ਵੀ ਵੱਡੀ ਮੁਸ਼ਕਲ ਪੇਸ਼ ਕਰਦੀਆਂ ਹਨ।

ਇਸ ਤੋਂ ਛੇ ਮਹੀਨੇ ਪਹਿਲਾਂ ਬਰੈਂਪਟਨ ਤੋਂ ਐਮਪੀ ਰੂਬੀ ਸਹੋਤਾ ਵੱਲੋਂ ਪੀਅਰਸਨ ਏਅਰਪੋਰਟ ਤੋਂ ਭਾਰਤੀ ਰਾਜਾਂ ਲਈ ਸਿੱਧੀਆਂ ਉਡਾਨਾਂ ਦੀ ਮੰਗ ਕੀਤੀ ਗਈ ਸੀ ਤੇ ਹੁਣ ਇੱਕ ਵਾਰੀ ਫਿਰ ਪੰਜਾਬ ਤੇ ਕੈਨੇਡਾ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਮੰਗ ਨੇ ਜ਼ੋਰ ਫੜ੍ਹਿਆ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੋਵਿਡ-19 ਲਾਕਡਾਊਨਜ਼ ਦੌਰਾਨ ਫਲਾਈਟਾਂ ਰੱਦ ਹੋਣ ਕਾਰਨ ਭਾਰਤ ਵਿੱਚ ਫਸੇ 30,000 ਕੈਨੇਡੀਅਨਜ਼ ਨੂੰ ਵਾਪਿਸ ਲਿਆਉਣ ਲਈ ਤੇ ਭਾਰਤ ਦੇ ਹੋਰਨਾਂ ਰਾਜਾਂ ਤੋਂ ਰੱਦ ਹੋਈਆਂ ਦਰਜਨਾਂ ਉਡਾਨਾਂ ਪੰਜਾਬ ਦੇ ਅੰਮ੍ਰਿਤਸਰ ਏਅਰਪੋਰਟ ਰਾਹੀਂ ਸਿੱਧੀਆਂ ਸ਼ੁਰੂ ਕੀਤੀਆਂ ਗਈਆਂ ਸਨ।




# ਕਲੀਵਵਿਊ ਸੀਨੀਅਰਜ਼ ਕਲੱਬ ਨੇ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



26 ਨਵੰਬਰ 2022 ਨੂੰ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ ਕਰਵ-ਾਇਆ ਗਿਆ। ਇਹ ਪ੍ਰੋਗਰਾਮ ਫਲਾਵਰਸਿਟੀ ਬਿਲਡਿੰਗ ਨੰਬਰ 8910 ਵਿਚ ਕਰਵਾਇਆ ਗਿਆ। ਇਸ ਵਿਚ ਤਕਰੀਬਨ 52 ਮੈਂਬਰਾਂ ਨੇ ਭਾਗ ਲਿਆ। ਪ੍ਰੋਗਰਾਮ 11 ਵਜੇ ਸ਼ੁਰੂ ਕੀਤਾ ਗਿਆ ਸਭ ਤੋਂ ਪਹਿਲਾਂ ਚਾਹ ਪਾਣੀ ਦਾ ਇੰਤਜ਼ਾਮ ਕੀਤਾ ਗਿਆ। ਸਾਰੇ ਆਏ ਹੋਏ ਮੈਂਬਰਾਂ ਨੇ ਖੂਬ ਆਨੰਦ ਮਾਣਿਆ ਜਾ ਮੀਟਿੰਗ ਤੋਂ ਬਾਅਦ ਕਲੱਬ ਦੇ ਜਰਨਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਲੱਬ ਦੀਆਂ ਹੁਣ ਤੱਕ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਨਵੇਂ ਮੈਂਬਰਾਂ ਦੀ ਜਾਣ ਪਹਿਚਾਣ ਕਰਵਾਈ ਗਈ। ਨਵੇਂ ਮੈਂਬਰਾਂ ਨੇ ਪੂਰੀ ਤਨਦੇਹੀ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕਲੱਬ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਇਸ ਵਿਚ ਸਾਰੇ ਅਹੁਦੇਦਾਰਾਂ ਦਾ ਪੂਰਾ ਯੋਗਦਾਨ ਹੈ। ਇਸ ਤੋਂ ਬਾਅਦ ਕਲੱਬ ਦੇ ਚੇਅਰਪਰਸਨ ਕਰਨਲ ਗੁਰਮੀਤ ਸਿੰਘ ਸੋਹੀ ਨੇ ਭਨਿਗੋ ਗੇਮ ਬਾਰੇ ਜਾਣਕਾਰੀ ਦਿੱਤੀ। ਜਿਸ ਵਿੱਚ ਮਰਦਾਂ ਅਤੇ ਔਰਤਾਂ ਨੇ ਭਾਗ ਲੈ ਕੇ ਇਨਾਮ ਪ੍ਰਾਪਤ ਕੀਤੇ ਅਤੇ ਔਰਤਾਂ ਨੇਇਕ ਨਵਾਂ ਇਤਿਹਾਸ ਰਚ ਦਿੱਤਾ।

ਇਸ ਤੋ ਬਾਅਦ ਜਵਾਹਰ ਲਾਲ ਜੀ ਨੇ ਕਲੱਬ ਦੀ ਆਮਦਨ ਅਤੇ ਖਰਚੇ ਦੀ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਨੂੰ ਯਾਦਗਾਰ ਬਣਾਉਣ ਲਈ ਜਵਾਹਰ ਲਾਲ ਜੀ ਨੇ ਵਾਈਸ ਪ੍ਰਧਾਨ ਅਤੇ ਬਾਕੀ ਅਹੁਦੇਦਾਰਾਂ ਨੇ ਪੂਰੀ ਮਿਹਨਤ ਕੀਤੀ ਅਤੇ ਸਹਿਯੋਗ ਦਿੱਤਾ।

ਇਸ ਤੋਂ ਬਾਅਦ ਕੋਇਜ਼ ਟੈਸਟ ਖੇਡਿਆ ਗਿਆ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਜਿਸ ਵਿਚ ਪਹਿਲਾ ਇਨਾਮ ਰਾਕੇਸ਼ ਜੈਨ ਨੂੰ ਦਿੱਤਾ ਗਿਆ। ਦੂਜਾ ਇਨਾਮ ਵਿਨੋਦ ਕਪੈਈ ਅਤੇ ਅਹਿਮਦ ਸੀਦੀਕੀ ਨੂੰ ਬਰਾਬਰ ਅੰਕ ਪ੍ਰਾਪਤ ਕਰਨ ’ਤੇ ਦੋਨਾਂ ਨੂੰ ਦਿੱਦਤਾ ਗਿਆ।

ਇਸ ਤੋਂ ਬਾਅਦ ਡਾਇਰੈਕਟਰ ਕਿਰਨ ਅਤੇ ਨਛੱਤਰ ਕੌਰ ਨੇ ਬੀਬੀਆਂ ਦਾ ਗਾਣਾ ਅਤੇ ਗਿੱਧਾ ਸ਼ੁਰੂ ਕਰਵਾਇਆ। ਗਾਣੇ ਵਿਚ ਬੀਬੀ ਬੇਅੰਤ ਕੌਰ ਬੀਬੀ ਗੁਰਮੀਤ ਕੌਰ ਬੀਬੀ ਪੂਨਮ ਸ਼ਰਮਾ ਨੇ ਭਾਗ ਲਿਆ।

ਗਿੱਧੇ ਵਿੱਚ ਸਾਰੀਆਂ ਔਰਤਾਂ ਨੇ ਖੂਬ ਰੰਗ ਬੰਨ੍ਹਿਆ ਅਤੇ ਬੋਲੀਆਂ ਪਾ ਕੇ ਪੰਜਾਬ ਦਾ ਮਾਹੌਲ ਸਿਰਜ ਦਿੱਤਾ। ਚਾਹ ਪਾਣੀ ਦੀ ਸੇਵਾ ਰਾਕੇਸ਼ ਜੈਨ ਜੀ ਨੇ ਕੀਤੀ ਜਿਹੜੀ ਕਿ ਸਾਰਾ ਦਿਨ ਚਲਦੀ ਰਹੀ। ਪ੍ਰੋਗਰਾਮ ਦੇ ਅੰਤ ਵਿੱਚ ਚੇਅਰਪਰਸਨ ਨੇ ਸਾਰਿਆਂ ਦਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨਾਲ 647-960-9841 ’ਤੇ ਸੰਪਰਕ ਕੀਤਾ ਜਾ ਸਕਦਾ ਹੈ।







## ਬਿਹਾਰ ਦੇ ਛਪਰਾ ਵਿਚ ਜਹਿਰੀਲੀ ਸ਼ਰਾਬ ਨੇ ਫਿਰ ਮਚਾਈ ਤਬਾਹੀ, 24 ਮੌਤਾਂ

ਪਟਨਾ, 15 ਦਸੰਬਰ (ਪੋਸਟ ਬਿਊਰੋ)- ਬਿਹਾਰ ਦੇ ਛਪਰਾ ਵਿੱਚ ਇੱਕ ਵਾਰ ਫਿਰ ਨਕਲੀ ਸ਼ਰਾਬ ਦਾ ਕਹਿਰ ਦੇਖਣ ਨੂੰ ਮਿਲਿਆ ਹੈ, ਜਿੱਥੇ ਹੁਣ ਤੱਕ 24 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਹਿਲਾਂ ਮਰਨ ਵਾਲਿਆਂ ਦੀ ਗਿਣਤੀ 6 ਸੀ, ਜੋ ਹੁਣ ਵਧ ਕੇ ਦੋ ਦਰਜਨ ਹੋ ਗਈ ਹੈ। ਮਾਮਲਾ ਛਪਰਾ ਸਰਨ ਦੇ ਈਸੂਪੁਰ ਥਾਣਾ ਖੇਤਰ ਦਾ ਹੈ। ਪਿੰਡ ਵਿੱਚ ਹੀ ਪੰਜ ਬੰਦੇ ਮਰ ਗਏ, ਬਾਅਦ ਵਿੱਚ ਬਾਕੀਆਂ ਦੀ ਮੌਤ ਹੋ ਗਈ। ਹਸਪਤਾਲ ਵਿੱਚ ਦੋ ਦਰਜਨ ਦੇ ਕਰੀਬ ਲੋਕ ਦਾਖਲ ਹਨ। ਦੱਸਿਆ ਜਾ ਰਿਹਾ ਹੈ ਕਿ ਕੁਝ ਲੋਕ ਸਥਾਨਕ ਪੱਧਰ ‘ਤੇ ਚੋਰੀ ਇਲਾਜ ਕਰਵਾ ਰਹੇ ਹਨ। ਦੱਸ ਦੇਈਏ ਕਿ ਬਿਹਾਰ ‘ਚ ਸਰਾਬ ‘ਤੇ ਪਾਬੰਦੀ ਹੈ, ਜਿੱਥੇ ਸਰਾਬ ਦੀ ਖਰੀਦ-ਵਿਕਰੀ ਅਤੇ ਸੇਵਨ ਗੈਰ-ਕਾਨੂੰਨੀ ਹੈ।

ਮਰਨ ਵਾਲਿਆਂ ਵਿਚ ਸ਼ਰਾਬ ਸਪਲਾਇਰ ਰਾਮਜੀ ਸ਼ਾਹ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਨੂਰ ਹਸਨ ਅੰਸਾਰੀ ਅਤੇ ਦੋ ਹੋਰਾਂ ਨੂੰ ਪਟਨਾ ਰੈਫਰ ਕੀਤਾ ਗਿਆ ਤਾਂ ਰਸਤੇ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪਿੰਡ ਵਿਚ ਹਾਹਾਕਾਰ ਮਚ ਗਿਆ, ਉਥੇ ਹੀ ਜ਼ਿਲਾ ਪ੍ਰਸ਼ਾਸਨ ਵਿਚ ਹੜਕੰਪ ਮਚ ਗਿਆ।

ਛਪਰਾ ਸਦਰ ਹਸਪਤਾਲ ਵਿਚ ਇਲਾਜ ਦੌਰਾਨ ਅਮਿਤ ਨਾਂ ਦੇ ਨੌਜਵਾਨ ਦੀ ਮੌਤ ਹੋ ਗਈ। ਅਮਿਤ ਰੰਜਨ ਦੀ ਮੌਤ ਦੀ ਸੂਚਨਾ ਮਿਲਦੇ ਹੀ ਜ਼ਿਲਾ ਪੁਲਸ ਬਲ ਛਪਰਾ ਸਦਰ ਹਸਪਤਾਲ ਪਹੁੰਚ ਗਿਆ। ਇਸ ਤੋਂ ਬਾਅਦ ਪੁਲਸ ਨੇ ਉਸ ਦੀ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਲਿਆ। ਪੁਲਸ ਅਨੁਸਾਰ ਹੁਣ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ, ਤਾਂ ਜੋ ਮੌਤ ਦੇ ਕਾਰਣਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ। ਜਿੱਥੇ ਰਿਸ਼ਤੇਦਾਰ ਇਸ ਹਾਦਸੇ ਪਿੱਛੇ ਜ਼ਹਿਰੀਲੀ ਸ਼ਰਾਬ ਨੂੰ ਕਾਰਣ ਦੱਸ ਰਹੇ ਹਨ, ਉੱਥੇ ਪ੍ਰਸ਼ਾਸਨ ਨੇ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ।

## ਵਿਜੀਲੈਂਸ ਬਿਊਰੋ ਨੇ ਜ਼ੁਰਮਾਨਾ ਰੱਦ ਕਰਨ ਲਈ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਈਟੀਓ ਤੇ ਆਬਕਾਰੀ ਇੰਸਪੈਕਟਰ ਨੂੰ ਰੰਗੇ ਹੱਥੀਂ ਕੀਤਾ ਕਾਬੂ

ਚੰਡੀਗੜ੍ਹ, 15 ਦਸੰਬਰ (ਗਿਆਨ ਸਿੰਘ) – ਕਰ ਤੇ ਆਬਕਾਰੀ ਅਫਸਰ (ਈ।ਟੀ।ਓ) ਸੰਦੀਪ ਸਿੰਘ ਅਤੇ ਆਬਕਾਰੀ ਤੇ ਕਰ ਇੰਸਪੈਕਟਰ ਵਿਸ਼ਾਲ ਸ਼ਰਮਾ ਨੂੰ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਆਬਕਾਰੀ ਤੇ ਕਰ ਵਿਭਾਗ ਲੁਧਿਆਣਾ ਦੇ ਜੀ।ਐਸ।ਟੀ। ਵਿੰਗ ਵਿਚ ਤਾਇਨਾਤ ਮੁਲਜ਼ਮਾਂ ਨੂੰ ਰਵਿੰਦਰ ਕੁਮਾਰ ਵਾਸੀ ਸਰਾਭਾ ਨਗਰ, ਲੁਧਿਆਣਾ ਦੀ ਸ਼ਿਕਾਇਤ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਵਿਭਾਗ ਵੱਲੋਂ ਕੀਤੇ ਸਰਵੇਖਣ ਦੌਰਾਨ ਉਸ ਦੀ ਫਰਮ ਨੂੰ ਲਾਇਆ ਜ਼ੁਰਮਾਨਾ ਰੱਦ (ਰਾਈਟ ਆਫ਼) ਕਰਨ ਬਦਲੇ ਉਕਤ ਆਬਕਾਰੀ ਅਧਿਕਾਰੀ 15 ਲੱਖ ਰੁਪਏ ਰਿਸ਼ਵਤ ਮੰਗ ਕਰ ਰਹੇ ਸਨ ਪਰ ਸੌਦਾ 12 ਲੱਖ ਰੁਪਏ ਵਿੱਚ ਤੈਅ ਹੋਇਆ। ਸ਼ਿਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਦੋਵੇਂ ਆਬਕਾਰੀ ਅਧਿਕਾਰੀਆਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਪਹਿਲੀ ਕਿਸ਼ਤ ਵਜੋਂ 5 ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com •

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol 647-204-1936

# ਮੁੱਖ ਮੰਤਰੀ ਵੱਲੋਂ ਸੂਬੇ ਵਿਚ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਅਹਿਦ

* ਚੰਡੀਗੜ੍ਹ ਵਿਖੇ ਵਿਸ਼ਵ ਹਾਕੀ ਕੱਪ ਦੀ ਟਰਾਫੀ ਦਾ ਸਵਾਗਤ




ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਪੰਜਾਬ ਵਿਚ ਖੇਡਾਂ ਨੂੰ ਪ੍ਰਫੁੱਲਤ ਕਰਕੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣੀ ਸਰਕਾਰੀ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰਣ ਕੀਤਾ ਕਿ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਅੱਜ ਇੱਥੇ ਆਪਣੀ ਰਿਹਾਇਸ਼ ਉਤੇ ਪੁਰਸ਼ਾਂ ਦੇ ਹਾਕੀ ਵਿਸ਼ਵ ਕੱਪ ਦੀ ਟਰਾਫੀ ਦਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੇ ਹਾਕੀ ਦੇ ਮੈਦਾਨ ਵਿਚ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦੁਨੀਆ ਭਰ ਵਿਚ ਸੂਬੇ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਹਾਕੀ ਟੀਮ ਨੇ ਪਿਛਲੇ ਸਾਲ ਟੋਕੀਓ ਵਿਖੇ ਹੋਈਆਂ ਓਲੰਪਿਕ ਖੇਡਾਂ ਵਿਚ 41 ਸਾਲਾਂ ਬਾਅਦ ਓਲੰਪਿਕ ਵਿਚ ਤਮਗਾ ਜਿੱਤਿਆ ਅਤੇ ਇਸ ਟੀਮ ਵਿਚ ਜੇਤੂ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਸਮੇਤ 11 ਖਿਡਾਰੀ ਸੂਬੇ ਨਾਲ ਸਬੰਧਤ ਸਨ। 1975 ਵਿੱਚ ਇਕਲੌਤਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੀ ਕਪਤਾਨੀ ਵੀ ਪੰਜਾਬ ਦੇ ਅਜੀਤਪਾਲ ਸਿੰਘ ਕੋਲ ਸੀ। ਅਗਲੇ ਮਹੀਨੇ ਭਾਰਤ ਦੀ ਮੇਜ਼ਬਾਨੀ ਵਿੱਚ ਹੋਣ ਵਾਲੇ ਵਿਸ਼ਵ ਕੱਪ ਦੀ ਟੀਮ ਦੇ ਕੈਂਪ ਵਿੱਚ ਵੀ ਅੱਧੇ ਤੋਂ ਵੱਧ ਖਿਡਾਰੀ ਪੰਜਾਬ ਦੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਇਸ ਜੇਤੂ ਸਫ਼ਰ ਨੂੰ ਜਾਰੀ ਰੱਖਣ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਹੋਰ ਮੈਡਲ ਦੇਸ਼ ਦੀ ਝੋਲੀ ਪਾਏ ਜਾ ਸਕਣ।

ਮੁੱਖ ਮੰਤਰੀ ਨੇ ਦੁੱਖ ਜ਼ਾਹਰ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਅਵੇਸ-ਲੇਪਣ ਨਾਲ ਹਾਕੀ ਸਾਡੀ ਕੌਮੀ ਖੇਡ ਹੋਣ ਦੇ ਬਾਵਜੂਦ ਖੇਡ ਮੈਦਾਨ ਵਿਚ ਪਛੜਦੀ ਰਹੀ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਖੇਡਾਂ ਦੇ ਖੇਤਰ ਵਿਚ ਹਾਕੀ ਨੂੰ ਬਣਦਾ ਰੁਤਬਾ ਦਿਵਾਏਗੀ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਸਬੰਧ ਵਿਚ ਵੱਡੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਖੇਡਾਂ ਖਾਸ ਕਰਕੇ ਹਾਕੀ ਨੂੰ ਪ੍ਰਫੁੱਲਤ ਕਰਕੇ ਨਸ਼ਿਆਂ ਵਰਗੀ ਅਲਾਮਤ ਦਾ ਖਾਤਮਾ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਹਾਕੀ ਦੀ ਸੁਰਜੀਤੀ ਲਈ ਹੋਰ ਵਸੀਲੇ ਜੁਟਾਏ ਜਾਣਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਅਥਾਹ ਸਮਰੱਥਾ ਨੂੰ ਖੇਡਾਂ ਦੇ ਖੇਤਰ ਵਾਲੇ ਲਾਉਣ ਲਈ ਹਰੇਕ ਯਤਨ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਹਰੇਕ ਪੰਜਾਬੀ ਦੇ ਸੁਹਿਰਦ ਯਤਨਾਂ ਨਾਲ ਹਾਕੀ ਸੁਰਜੀਤੀ ਦੇ ਰਾਹ ਪੈ ਜਾਵੇਗੀ।

# ਪਾਕਿਸਤਾਨ ਨੇ ਭਾਰਤ ’ਤੇ ਲਗਾਇਆ ਅੱਤਵਾਦ ਫੈਲਾਉਣ ਦਾ ਦੋਸ਼

* ਕਿਹਾ ਹਾਫਿਜ ਸਈਦ ਦੇ ਘਰ ਦੇ ਬਾਹਰ ਹੋਏ ਧਮਾਕੇ ਵਿਚ ਸੀ ਸ਼ਾਮਲ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਬੁੱਧਵਾਰ ਨੂੰ ਭਾਰਤ ’ਤੇ ਦੇਸ਼ ਵਿਚ ‘ਅੱਤਵਾਦ ਅਤੇ ਅਰਾਜਕਤਾ‘ ਫੈਲਾਉਣ ਵਿਚ ਸ਼ਾਮਲ ਹੋਣ ਦਾ ਦੋਸ਼ ਲਾਉਂਦਿਆਂ ਭਾਰਤ ਦਾ ਪਰਦਾਫਾਸ ਕਰਨ ਲਈ ਕੂਟਨੀਤਕ ਮੁਹਿੰਮ ਸੁਰੂ ਕੀਤੀ। ਵਿਦੇਸ਼ ਸਕੱਤਰ ਅਸਦ ਮਜੀਦ ਨੇ ਇਸਲਾਮਾਬਾਦ ਵਿਚ ਵਿਦੇਸੀ ਡਿਪਲੋਮੈਟਾਂ ਦੇ ਸਾਹਮਣੇ ਇਹ ਦੋਸ਼ ਲਗਾਏ ਜਦਕਿ ਵਿਦੇਸ਼ ਰਾਜ ਮੰਤਰੀ ਹਿਨਾ ਰੱਬਾਨੀ ਖਾਰ ਨੇ ਇਸ ਮੁੱਦੇ ’ਤੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਕ ਦਿਨ ਪਹਿਲਾਂ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਨੇ ਦੋਸ਼ ਲਾਇਆ ਸੀ ਕਿ ਮੁੰਬਈ ਹਮਲੇ ਦੇ ਮਾਸਟਰਮਾਈਂਡ ਹਾਫਿਜ ਸਈਦ ਦੇ ਲਾਹੌਰ ਸਥਿਤ ਘਰ ਦੇ ਬਾਹਰ ਪਿਛਲੇ ਸਾਲ ਹੋਏ ਧਮਾਕੇ ਵਿਚ ਭਾਰਤ ਦਾ ਹੱਥ ਸੀ।



ਵਿਦੇਸ਼ ਦਫ਼ਤਰ ਅਨੁਸਾਰ ਮਜੀਦ ਨੇ ਪਿਛਲੇ ਸਾਲ 23 ਜੂਨ ਨੂੰ ਲਾਹੌਰ ਵਿਚ ਸਈਦ ਦੇ ਘਰ ਦੇ ਬਾਹਰ ਹੋਏ ਧਮਾਕੇ ਵਿਚ ਭਾਰਤ ਦੀ ਕਥਿਤ ਸ਼ਮੂਲੀਅਤ ਬਾਰੇ ਇਕ ‘ਡੋਜ਼ੀਅਰ’ ਸਾਂਝਾ ਕੀਤਾ ਸੀ। ਪ੍ਰੈੱਸ ਕਾਨਫਰੰਸ ਵਿਚ ਖਾਰ ਨੇ ਭਾਰਤ ’ਤੇ ‘ਅੱਤਵਾਦ ਦੀ ਵਰਤੋਂ’ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਅੰਤਰਰਾਸਟਰੀ ਭਾਈਚਾਰੇ ਨੂੰ ਪਾਕਿਸਤਾਨ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਥਿਤ ਤੌਰ ’ਤੇ ਕਮਜ਼ੋਰ ਕਰਨ ਦੀਆਂ ਨਵੀਂ ਦਿੱਲੀ ਦੀਆਂ ਕੋਸ਼ਿਸ਼ਾਂ ਵੱਲ ਧਿਆਨ ਦੇਣ ਲਈ ਵੀ ਕਿਹਾ। ਭਾਰਤ ਨੇ ਅਤੀਤ ਵਿਚ ਪਾਕਿ-ਸਤਾਨ ਦੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ ਕਿ ਇਸ ਦੇਸ਼ ਵਿਚ ਹੋਏ ਕੁਝ ਅੱਤਵਾਦੀ ਹਮਲਿਆਂ ਪਿੱਛੇ ਉਸ (ਭਾਰਤ) ਦਾ ਹੱਥ ਸੀ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ’ਚ ਤਿੰਨ ਰੋਜ਼ਾ ਭਾਈ ਵੀਰ ਸਿੰਘ ਫਲਾਵਰ ਫੈਸਟੀਵਲ ਸ਼ੁਰੂ

* ਫੁੱਲਾਂ ਅਤੇ ਪੌਦਿਆਂ ਦੀਆਂ 500 ਐਂਟਰੀਆਂ ਦਰਜ * ਬਾਗਾਬਨੀ, ਜੈਵਿਕ ਖੇਤੀ, ਘਰੇਲੂ ਖੇਤੀ ਅਤੇ ਜੈਵਿਕ ਪਦਾਰਥਾਂ ਦੇ ਸਟਾਲ ਵੀ ਬਣੇ ਮੇਲੇ ਦੀ ਖਿੱਚ ਦਾ ਕੇਂਦਰ



ਅੰਮ੍ਰਿਤਸਰ, 15 ਦਸੰਬਰ (ਪੋਸਟ ਬਿਊਰੋ) – ਅੱਜ ਜਿਉਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਹੜੇ ਵਿਚ ਫੁੱਲਾਂ ਦੀ ਆਮਦ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਸਾਹਮਣੇ ਸ਼ੁਰੂ ਹੋਈ ਤਾਂ ਯੂਨੀਵਰਸਿਟੀ ਦੇ ਵਿਦਿਆਰਥੀ ਭੌਰਿਆਂ ਵਾਂਗ ਮੰਡਰਾਉਂਦੇ ਹੋਏ ਫੁੱਲਾਂ ਅਤੇ ਪੌਦਿਆਂ ਦੇ ਦਰਸ਼ਨ ਦਿਦਾਰੇ ਕਰਨ ਲਈ ਆ ਪਹੁੰਚੇ। ਭਾਂਤ ਭਾਂਤ ਰੰਗਾਂ ਦੀਆਂ ਗੁਲਦਾਉਂਦੀਆਂ ਚਮਕਦੀ ਨਿੰਘੀ ਧੁੱਪ ਵਿਚ ਇਸ ਤਰ੍ਹਾਂ ਖਿੜ ਰਹੀਆਂ ਸਨ ਜਿਸ ਤਰ੍ਹਾਂ ਭਾਈ ਵੀਰ ਸਿੰਘ ਕਾਵਿ ਅਨੁਸਾਰ ਨਿੱਕੇ ਨਿੱਕੇ ਚੰਦਰਮਾਂ ਧਰਤੀ ਉਪਰ ਉਤਰ ਆਏ ਹੋਣ। ਯੂਨੀਵਰਸਿਟੀ ਦੇ ਵਿਦਿਆਰਥੀ ਇਨ੍ਹਾਂ ਰੰਗ ਬਰੰਗੀਆਂ ਗੁਲਦਾਉਂਦੀਆਂ ਦੇ ਆਲੇ ਦੁਆਲੇ ਮੰਡਰਾ ਰਹੇ ਸਨ ਅਤੇ ਛੂਹ ਕੇ ਫੁੱਲਾਂ ਦੀ ਕੋਮਲਤਾ ਦਾ ਅਹਿਸਾਸ ਕਰ ਰਹੇ ਸਨ।

ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਇਸ ਭਾਈ ਵੀਰ ਸਿੰਘ ਫੁੱਲਾਂ ਤੇ ਪੌਦਿਆਂ ਦੇ ਮੇਲੇ ਨੂੰ ਵੇਖਣ ਲਈ ਕੁਦਰਤ ਪ੍ਰੇਮੀਆਂ ਦੀ ਆਵਾਜਾਈ ਸ਼ੁਰੂ ਹੋ ਗਈ ਹੈ। ਅੱਜ ਸਵੇਰ ਤੋਂ ਹੀ ਪੰਜਾਬ ਭਰ ਵਿਚੋਂ ਜਿਥੇ ਵੱਖ ਵੱਖ ਕਾਲਜਾਂ, ਸਕੂਲਾਂ, ਨਰਸਰੀਆਂ ਵਾਲਿਆਂ ਨੇ ਸੋਹਣੇ ਸੋਹਣੇ ਗਮਲਿਆਂ ਵਿਚ ਸਜੇ ਵੱਖ ਵੱਖ ਵੰਨਗੀਆਂ ਦੇ ਫੁੱਲਾਂ ਅਤੇ ਪੌਦਿਆਂ ਨੂੰ ਸਜਾਉਣਾ ਸ਼ੁਰੂ ਕਰ ਦਿੱਤਾ ਹੈ ਉਥੇ ਇਸ ਵਾਰ ਫੁੱਲਾਂ ਦੀ ਪ੍ਰਦਰਸ਼ਨੀ ਵਿਚ 'ਚ ਹੋਣ ਵਾਲੇ ਮੁਕਾਬਲਿਆਂ ਦੇ ਲਈ ਵਿਅਕਤੀਗਤ ਤੌਰ 'ਤੇ ਬਹੁਤ ਸਾਰੇ ਕੁਦਰਤ ਪ੍ਰੇਮੀਆਂ ਵੱਲੋਂ 500 ਐਂਟਰੀਆਂ ਦਰਜ ਕਰਵਾਈਆਂ ਗਈਆਂ ਜਿਨ੍ਹਾਂ ਵਿਚ 54 ਗੁਲਦਾਉਦੀਆਂ, 68 ਇਨਡੋਰ ਪਲਾਂਟ ਅਤੇ 54 ਕੈਕਟਸ ਐਂਟਰੀਆਂ ਤੋਂ ਇਲਾਵਾ 22 ਐਂਟਰੀਆਂ ਫੁੱਲਾਂ ਦੀਆਂ ਰੰਗੋਲੀਆਂ ਸ਼ਾਮਿਲ ਹਨ।

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਅਤੇ ਕੁਦਰਤ ਦੀਦਾਰ ਨਾਲ ਲਬਰੇਜ਼ ਹਸਤੀ, ਉੱਘੇ ਕਵੀ ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਵੀ ਮੇਲੇ ਦਾ ਹਿੱਸਾ ਬਣੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੇ ਵਿਹੜੇ ਵਿਚ ਲੱਗੇ ਇਸ ਫੁੱਲਾਂ ਦੇ ਮੇਲੇ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚੌਗਿਰਦੇ ਨੂੰ ਹੋਰ ਮਹਿਕਣ ਲਾ ਦਿੱਤਾ ਹੈ। ਭਲਕੇ 15 ਦਸੰਬਰ ਨੂੰ ਇਸ ਦਾ ਵਿਧੀਵਤ ਤਰੀਕੇ ਦੇ ਨਾਲ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ ਸੰਧੂ ਦੁਪਹਿਰ 01 ਵਜੇ ਉਦਘਾਟਨ ਕਰਨਗੇ ਅਤੇ ਮਾਹਿਰਾਂ ਦੀਆਂ ਟੀਮਾਂ ਫੁੱਲਾਂ ਦੀਆਂ ਵੱਖ ਵੱਖ ਵੰਨਗੀਆਂ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲਿਆਂ ਦਾ ਐਲਾਨ ਕਰਨਗੇ। 16 ਦਸੰਬਰ ਨੂੰ ਮੇਲੇ ਦੇ ਆਖਰੀ ਦਿਨ ਪ੍ਰੋ. ਸੰਧੂ ਹੀ ਜੇਤੂਆਂ ਨੂੰ ਇਨਾਮ ਦੇਣਗੇ।

ਭਾਈ ਵੀਰ ਸਿੰਘ ਫੁੱਲਾਂ ਤੇ ਪੌਦਿਆਂ ਦੇ ਮੇਲੇ ਦੇ ਇੰਚਾਰਜ ਗੁਰਵਿੰਦਰ ਸਿੰਘ, ਲੈਂਡਸਕੇਪ ਅਫਸਰ ਅਤੇ ਡਾ. ਸੁਨੈਨਾ, ਸਹਾਇਕ ਪ੍ਰੋਫੈਸਰ, ਖੇਤੀਬਾੜੀ ਵਿਭਾਗ ਨੇ ਦੱਸਿਆ ਕਿ ਡਾ. ਜਸਵਿੰਦਰ ਸਿੰਘ ਬਿਲਗਾ, ਸਲਾਹਕਾਰ



ਬਾਗਬਾਨੀ, ਜਿਨ੍ਹਾਂ ਨੇ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਦੀ ਨਿੱਜੀ ਦਿਲਚਸਪੀ ਅਤੇ ਠੋਸ ਕਦਮਾਂ ਦੇ ਸਦਕਾ ਇਸ ਮੇਲੇ ਦੀ ਸਥਾਪਤੀ ਵਿਚ ਭਰਪੂਰਤਾ ਨਾਲ ਯੋਗਦਾਨ ਪਾਇਆ, ਦੇ ਪਾਏ ਪੂਰਨਿਆਂ ਨੂੰ ਅੱਗੇ ਵਧਾਉਂਦੇ ਹੋਏ ਕਾਰਜ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਵਾਈਸ ਚਾਂਸਲਰ, ਪ੍ਰੋ. ਡਾ. ਜਸਪਾਲ ਸਿੰਘ ਸੰਧੂ ਜੋ ਖੁਦ ਵਾਤਾਵਰਣ ਪ੍ਰਤੀ ਜਾਗਰਤੀ ਲਿਆਉਣ ਲਈ ਨਿੱਜੀ ਦਿਲਚਸਪੀ ਲੈਂਦੇ ਹਨ ਦੇ ਯਤਨਾਂ ਸਦਕਾ 2017 ਤੋਂ ਫੁੱਲਾਂ ਦੇ ਮੇਲੇ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਸੀ ਜਿਸ ਵਿਚ ਸਾਰੇ ਪੰਜਾਬ ਵਿਚੋਂ ਲੋਕ ਇਸ ਮੇਲੇ ਦਾ ਹਿੱਸਾ ਬਣਦੇ ਹਨ ਅਤੇ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਹੋਰ ਵੀ ਲੋਕਾਂ ਤਕ ਪੁਚਾਉਣ ਦਾ ਸੰਕਲਪ ਲੈ ਕੇ ਵਾਪਿਸ ਪਰਤਦੇ ਹਨ।

ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਕੈਂਪਸ ਨੂੰ ਹਰਿਆ ਭਰਿਆ ਕਰਨ ਦੇ ਲਈ ਵਚਨਬੱਧ ਹੈ ਇਸ ਤੋਂ ਇਲਾਵਾ ਲੋਕਾਂ ਵਿਚ ਵੀ ਜਾਗਰੂਕਤਾ ਲਿਆਉਣ ਦੇ ਮਕਸਦ ਨਾਲ ਹੀ ਯੂਨੀਵਰਸਿਟੀ ਵਿਚ ਹਰ ਸਾਲ ਦੋ ਫੁੱਲਾਂ ਦੇ ਮੇਲੇ ਲਗਾਏ ਜਾਂਦੇ ਹਨ ਅਤੇ ਆਪਣੇ ਵਾਤਾਵਰਣ ਨੂੰ ਪ੍ਰਦੂਸਣ ਤੋ ਬਚਾਉਣ, ਖੂਬਸੂਰਤੀ ਨੂੰ ਵਧਾਉਣ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਇਸ ਪਾਸੇ ਪ੍ਰੇਰਤ ਕਰਨ ਲਈ ਇਹ ਪ੍ਰਦਰਸ਼ਨੀ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਦੇ ਵਿਚ ਜਿਥੇ ਫੁੱਲਾਂ ਪੌਦਿਆਂ ਦੀ ਕਾਸ਼ਤ ਨੂੰ ਲੈ ਕੇ ਜਿਥੇ ਮਾਹਿਰਾਂ ਵੱਲੋਂ ਮੌਜੂਦਾਂ ਹਲਾਤਾਂ ਦੇ ਅਨੁਸਾਰ ਆਪਣੇ ਵਡਮੁੱਲੇ ਵਿਚਾਰ ਦਿੱਤੇ ਜਾਂਦੇ ਹਨ ਉਥੇ ਵੱਖ ਵੱਖ ਨਰਸਰੀਆਂ ਅਤੇ ਹੋਰ ਉਦਪਾਦਕਾਂ ਵੱਲੋਂ ਆਪੋ ਆਪਣੇ ਸਟਾਲ ਵੀ ਲਗਾਏ ਜਾਂਦੇ ਹਨ ਜਿਸ ਦੇ ਵਿਚ ਵੀ ਫੁੱਲਾਂ ਦੇ ਮੇਲੇ ਵਿਚ ਸ਼ਿਰਕਤ ਕਰਨ ਵਾਲੇ ਲੋਕ ਕਾਫੀ ਦਿਲਚਸਪੀ ਵਿਖਾਉਂਦੇ ਹਨ।

## 26 ਦਸੰਬਰ ਨੂੰ ਐਨਆਰਆਈਜ਼ ਦੀਆਂ ਸ਼ਿਕਾਇਤਾਂ ਲਈ ਦਰਬਾਰ

** ਐਨਆਰਆਈਜ਼ ਆਪਣੇ ਨਾਲ ਸ਼ਨਾਖਤ ਵਜੋਂ ਪਾਸ-ਪੋਰਟ, ਪੀਆਈਓ ਕਾਰਡ ਜਾਂ ਐਨਆਰਆਈ ਕਾਰਡ ਜ਼ਰੂਰ ਲਿਆਉਣ-ਡਿਪਟੀ ਕਮਿਸ਼ਨਰ*



ਮੋਗਾ, 15 ਦਸੰਬਰ(ਗਿਆਨ ਸਿੰਘ) - ਡਿਪਟੀ ਕਮਿਸ਼ਨਰ ਮੋਗਾ ਸ੍ਰ। ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ 26 ਦਸੰਬਰ ਨੂੰ ਸਵੇਰੇ 10 ਵਜੇ ਆਈ।ਐਸ।ਐਫ਼। ਫਾਰਮੇਸੀ ਕਾਲਜ ਫਿਰੋਜ਼ਪੁਰ ਰੋਡ ਘੱਲ ਕਲਾਂ ਵਿਖੇ ਕੇਵਲ ਐਨ।ਆਰ।ਆਈਜ਼ ਦੀਆਂ ਸ਼ਿਕਾਇਤਾਂ/ਸਮੱਸਿਆਵਾਂ ਨੂੰ ਸੁਣਨ ਲਈ ਪੰਜਾਬੀ ਐਨ।ਆਰ।ਆਈਜ਼ ਨਾਲ ਮਿਲਣੀ ਆਯੋਜਿਤ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਦੌਰਾਨ ਕੇਵਲ ਐਨ।ਆਰ।ਆਈਜ਼ ਦੀਆਂ ਸ਼ਿਕਾਇਤਾਂ ਹੀ ਸੁਣੀਆਂ ਜਾਣਗੀਆਂ ਅਤੇ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਐਨ।ਆਰੀਆਈਜ਼ ਨੂੰ ਸੂਚਿਤ ਕਰਦਿਆਂ ਦੱਸਿਆ ਕਿ ਉਹ ਇਸ ਸਬੰਧੀ ਆਪਣੀ ਸ਼ਿਕਾਇਤ ਲਿਖਤੀ ਰੂਪ ਵਿੱਚ ਲੈ ਕੇ ਇਸ ਮਿਲਣੀ ਵਿੱਚ ਪੇਸ਼ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਮਿਲਣੀ ਵਾਲੇ ਦਿਨ ਆਪਣੀ ਸ਼ਨਾਖਤ ਦੇ ਤੌਰ ਤੇ ਆਪਣੇ ਆਈ।ਡੀ। ਪਰੂਫ਼ ਦੇ ਵਜੋਂ ਪਾਸਪੋਰਟ, ਪੀ।ਆਈ।ਓ। ਕਾਰਡ ਜਾਂ ਐਨ।ਆਰ।ਆਈ। ਕਾਰਡ ਜਰੂਰੀ ਤੌਰ ਤੇ ਨਾਲ ਲੈ ਕੇ ਆਉਣ।

ਡਿਪਟੀ ਕਮਿਸ਼ਨਰ ਨੇ ਐਨ।ਆਰ।ਆਈਜ਼ ਨੂੰ ਅਪੀਲ ਕੀਤੀ ਕਿ ਸਰਕਾਰੀ ਪ੍ਰੋਟੋਕੋਲ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇਸ ਮਿਲਣੀ ਵਿੱਚ ਆਪਣੇ ਨਾਲ ਰਿਸ਼ਤੇਦਾਰ ਜਾਂ ਦੋਸਤਾਂ ਮਿੱਤਰਾਂ ਨੂੰ ਨਾ ਲਿਆਉਣ।

# ਸੂਬੇ ’ਚ 2,93,975 ਦਿਵਿਆਂਗਜਨਾਂ ਨੂੰ ਯੂਡੀਆਈਡੀ ਕਾਰਡ ਜਾਰੀ: ਡਾ. ਬਲਜੀਤ ਕੌਰ

* ਸਾਰੀਆਂ ਸਕੀਮਾਂ ਦਾ ਲਾਭ ਲੈਣ ਲਈ ਇਕੋ ਇਕ ਪਛਾਣ ਦਸਤਾਵੇਜ਼ ਹੈ ਯੂਡੀਆਈਡੀ



ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਵਚਨਬੱਧ ਹੈ। ਸੂਬੇ ਦੇ 2,93,975 ਦਿਵਿਆਂਗ ਵਿਅਕਤੀਆਂ ਨੂੰ 28 ਨਵੰਬਰ 2022 ਤੱਕ ਯੂਡੀਆਈਡੀ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਨੇ ਦੱਸਿਆ ਕਿ ਦਿਵਿਆਂਗ ਵਿਅਕਤੀਆਂ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਇੱਕੋ ਕਾਰਡ ਦੇ ਆਧਾਰ ’ਤੇ ਦੇਣ ਲਈ ਯੂਨੀਕ ਡਿਸਏਬਿਲਟੀ ਆਈਡੈਂਟਟੀ ਕਾਰਡ ਭਾਵ ਵਿਲੱਖਣ ਦਿਵਿਆਂਗਤਾ ਪਛਾਣ ਪੱਤਰ (ਯੂਡੀਆਈਡੀ) ਜਨਰੇਟ ਕੀਤੇ ਜਾਂਦੇ ਹਨ ਤੇ ਇਸ ਦਾ ਡੇਟਾਬੇਸ ਰਾਸ਼ਟਰ ਪੱਧਰ ’ਤੇ ਤਿਆਰ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਯੂਡੀਆਈਡੀ ਪ੍ਰਾਜੈਕਟਰ ਤਹਿਤ ਰਾਜ ਦੇ 102 ਹਸਪਤਾਲਾਂ ਵਿੱਚ ਕੈਂਪ ਲਗਾ ਕੇ ਇਹ ਪਛਾਣ ਪੱਤਰ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੋਰਟਲ ੱ।ਸੱਅਵਲਅਮਬਅਨ-ਚਅਰਦ।ਗੋਵ।ਿਨ ’ਤੇ ਪ੍ਰਾਪਤ ਹੋਈਆਂ ਅਰਜ਼ੀਆਂ ਵਿੱਚੋਂ ਯੋਗ ਦਿਵਿਆਂਗ ਵਿਅਕਤੀਆਂ ਨੂੰ 28 ਨਵੰਬਰ 2022 ਤੱਕ 2,93,975 ਯੂਡੀਆਈਡੀ ਕਾਰਡ ਜਾਰੀ ਕੀਤੇ ਗਏ ਹਨ ਤੇ ਭਾਰਤ ਸਰਕਾਰ ਵਲੋਂ ਸਾਂਝੀ ਕੀਤੀ ਗਈ ਰੋਜ਼ਾਨਾ ਰਿਪੋਰਟ ਅਨੁਸਾਰ ਪੰਜਾਬ ਰਾਜ ਨੂੰ 11ਵਾਂ ਦਰਜਾ ਹਾਸਲ ਹੋਇਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਦਿਵਿਆਂਗ ਵਿਅਕਤੀਆਂ ਲਈ ਡਿਸਏਬਿਲਟੀ ਸੈੱਲ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਪਰਪਿਤ ਸੈੱਲ ਅਪਾਹਜ ਵਿਅਕਤੀਆਂ ਲਈ ਅਪੰਗਤਾ ਸਕੀਮਾਂ ਦੇ ਲਾਭ ਲੈਣ ਲਈ ਇੱਕ ਸਿੰਗਲ ਵਿੰਡੋ ਪਲੈਟਫਾਰਮ ਹੋਵੇਗਾ।

## ਵਿਦਿਆਰਥਣ ਮੁਸਕਾਨ ਯਾਦਗਾਰ ਚਿੰਨ੍ਹ ਨਾਲ ਸਨਮਾਨਤ

ਪਠਾਨਕੋਟ, 15 ਦਸੰਬਰ (ਰਾਜਿੰਦਰ ਸਿੰਘ ਰਾਜਨ)- ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਰਾਜੇਸ ਕੁਮਾਰ ਨੇ ਸਿੱਖਿਆ ਖੇਤਰ ਵਿੱਚ ਮੱਲਾਂ ਮਾਰਨ ਤੇ ਐਸ.ਐਮ.ਐਸ.ਡੀ. ਰਾਜਪੂਤ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਮੁਸਕਾਨ ਨੂੰ ਸਰਟੀਫਿਕੇਟ ਅਤੇ ਯਾਦਗਾਰ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਜਿਕਰਯੋਗ ਹੈ ਕਿ ਪਿਛਲੇ ਦਿਨ੍ਹਾਂ ਦੋਰਾਨ ਜਿਲ੍ਹਾ ਪ੍ਰਸਾਸਨ ਵੱਲੋਂ ਸਿੱਖਿਆ ਖੇਤਰ ਵਿੱਚ ਦਸਵੀਂ ਅਤੇ ਬਾਹਰਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਜਿਨ੍ਹਾਂ ਜਿਲ੍ਹੇ ਅਤੇ ਪੰਜਾਬ ਅੰਦਰ ਸਿੱਖਿਆ ਖੇਤਰ ਅੰਦਰ ਇੱਕ ਵੱਖਰੀ ਥਾਂ ਬਣਾਈ ਸੀ ਉਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਸੀ। ਜਿਨ੍ਹਾਂ ਵਿੱਚ ਸੁਜਾਨਪੁਰ ਨਿਵਾਸੀ ਮੁਸਕਾਨ ਸਰਮਾ ਸਪੁੱਤਰੀ ਰਾਕੇਸ ਕੁਮਾਰ ਸਰਮਾ ਦਾ ਨਾਮ ਵੀ ਸਾਮਲ ਸੀ। ਮੁਸਕਾਨ ਨੇ ਦਸਵੀਂ ਵਿੱਚ ਜਿਲ੍ਹੇ ਵਿੱਚੋਂ ਚੌਥਾ ਅਤੇ ਪੰਜਾਬ ਅੰਦਰ 15ਵਾਂ ਸਥਾਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਕਾਰਨ ਕਰਕੇ ਅਪਣਾ ਸਨਮਾਨ ਪ੍ਰਾਪਤ ਨਹੀਂ ਕਰ ਸਕੀ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਸਿੱਖਿਆ ਵਿਭਾਗ ਤੋਂ ਮੁਨੀਸ ਗੁਪਤਾ ਜਿਲ੍ਹਾ ਕੋਆਰਡੀਨੇਟਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜਰ ਸਨ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroverCPA
Professional Corporation

214-7895 Tranmere Drive, Mississauga ON L5S 1V9

# ਧਰਨਾਕਾਰੀਆਂ ਨੂੰ ਮਸਲੇ ਦੇ ਸਾਰਥਕ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ : ਡੀ.ਸੀ.

## ਅਦਾਲਤ ਵੱਲੋਂ ਫੈਕਟਰੀ ਨੂੰ ਹੋਏ ਵਿੱਤੀ ਨੁਕਸਾਨ ਸੰਬੰਧੀ ਤਿੰਨ ਮੈਂਬਰੀ ਕਮੇਟੀ ਦਾ ਗਠਨ

ਫਿਰੋਜ਼ਪੁਰ, 15 ਦਸੰਬਰ (ਗਿਆਨਸਿੰਘ): ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਫੈਕਟਰੀ ਮਨਸੂਰਵਾਲ ਕਲਾਂ, ਜ਼ੀਰਾ ਵਿਖੇ ਜੁਲਾਈ 2022 ਮਹੀਨੇ ਤੋਂ ਇਲਾਕੇ ਦੇ ਲੋਕਾਂ ਵੱਲੋਂ ਫੈਕਟਰੀ ਦੇ ਰਸਤੇ ਤੇ ਚੱਲ ਰਹੇ ਧਰਨੇ ਨੂੰ ਖਤਮ ਕਰਾਉਣ ਲਈ ਜਿੱਥੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਧਰਨਾਕਾਰੀਆਂ ਨਾਲ ਗੱਲਬਾਤ ਕਰਕੇ ਇਸ ਮਸਲੇ ਦਾ ਸਾਰਥਕ ਹੱਲ ਕੱਢਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ ਉੱਥੇ ਹੀ ਇਸ ਸਬੰਧ ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਧਰਨੇ ਨੂੰ ਫੈਕਟਰੀ ਦੇ 300 ਮੀਟਰ ਘੇਰੇ ਤੋਂ ਬਾਹਰ ਲਿਜਾਣ ਅਤੇ ਫੈਕਟਰੀ ਵਿੱਚ ਆਵਾਜਾਈ ਬਹਾਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲੀਸ ਪ੍ਰਸ਼ਾਸਨ ਨੇ ਲਗਾਤਾਰ ਕੋਸ਼ਿਸ਼ਾਂ ਕੀਤੀਆਂ, ਪਰੰਤੂ ਧਰਨਾਕਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵਲੋਂ ਦਿੱਤੇ ਜਾਂਦੇ ਗੱਲਬਾਤ ਦੇ ਸੱਦੇ ਨੂੰ ਅਜੇ ਤੱਕ ਨਾਂਹ ਪੱਖੀ ਹੁੰਗਾਰਾ ਦਿੱਤਾ ਅਤੇ ਉਨ੍ਹਾਂ ਵੱਲੋਂ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅੰਮ੍ਰਿਤ ਸਿੰਘ ਨੇ ਮੀਡੀਆ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਦਿੱਤੀ।




ਉਨ੍ਹਾਂ ਦੱਸਿਆ ਕਿ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਧਰਨਾ ਫੈਕਟਰੀ ਦੇ ਘੇਰੇ ਤੋਂ 300 ਮੀਟਰ ਦੂਰ ਕਰਨ ਤੇ ਫੈਕਟਰੀ ਵਿੱਚ ਮੁਲਾਜ਼ਮਾਂ ਤੇ ਸਮਾਨ ਦੀ ਆਵਾਜਾਈ ਬਹਾਲ ਕਰਨ ਲਈ ਕਿਹਾ ਗਿਆ ਪਰ ਧਰਨਾਕਾਰੀ ਫੈਕਟਰੀ ਬੰਦ ਕਰਨ ਦੀ ਇਕੋ ਮੰਗ ਤੇ ਅੜੇ ਹੋਏ ਹਨ ਜੋ ਕਿ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਦੱਸਿਆ ਕਿ ਵਾਰ-ਵਾਰ ਪ੍ਰਸ਼ਾਸ਼ਨ ਅਤੇ ਪੁਲਿਸ ਨੇ ਮਿਲ ਕੇ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਨੂੰ ਇਨਬਿੰਨ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਦਕਿ ਧਰਨਾਕਾਰੀਆਂ ਦੇ ਆਗੂਆਂ ਵੱਲੋਂ ਮਾਣਯੋਗ ਹਾਈਕੋਰਟ ਦੇ ਹੁਕਮਾਂ ਦੇ ਉਲਟ ਜਾ ਕੇ ਧਰਨਾ ਖਤਮ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਧਰਨਾਕਾਰੀਆਂ ਦੇ ਵਕੀਲ ਵੀ ਹਰੇਕ ਤਰੀਕ ਤੇ ਹਾਈਕੋਰਟ ਵਿੱਚ ਹਾਜ਼ਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਸਬੰਧੀ ਸਾਰੀ ਜਾਣਕਾਰੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਧਰਨਾਕਾਰੀਆਂ ਵੱਲੋਂ ਸਾਰਥਕ ਗੱਲਬਾਤ ਨਾ ਕਰਨ ਕਾਰਨ ਫੈਕਟਰੀ ਦੇ ਪ੍ਰਬੰਧਕਾਂ ਵੱਲੋਂ ਨਿਆਂ ਲਈ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿਟ ਦਾਖਲ ਕੀਤੀ ਗਈ ਸੀ ਜਿਸ ਵਿੱਚ ਮਾਣਯੋਗ ਅਦਾਲਤ ਨੇ ਧਰਨਾਕਾਰੀਆਂ ਨੂੰ ਆਪਣਾ ਧਰਨਾ ਸ਼ਰਾਬ ਫੈਕਟਰੀ ਤੋਂ 300 ਮੀਟਰ ਬਾਹਰ ਕਰਨ ਦੇ ਆਦੇਸ਼ ਦਿੱਤੇ ਅਤੇ ਇਸ ਤੋਂ ਬਿਨਾਂ ਸ਼ਰਾਬ ਫੈਕਟਰੀ ਵਿੱਚ ਮੁਲਾਜ਼ਮਾਂ ਤੇ ਹੋਰ ਸਮਾਨ ਦੀ ਆਵਾਜਾਈ ਨੂੰ ਨਿਰਵਿਘਨ ਚਲਾਉਣ ਦੀਆਂ ਵੀ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਵੱਖ-ਵੱਖ ਸਿਵਲ ਤੇ ਪੁਲੀਸ ਅਧਿਕਾਰੀਆਂ ਨਾਲ ਕਈ ਵਾਰ ਮੌਕੇ 'ਤੇ ਜਾ ਕੇ ਅਤੇ ਹੁਣ 9 ਦਸੰਬਰ ਨੂੰ ਵੀ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਤਫਸੀਲ ਨਾਲ ਮਾਣਯੋਗ ਹਾਈ ਕੋਰਟ ਅਤੇ ਐਨ.ਜੀ.ਟੀ ਦੇ ਹੁਕਮਾਂ ਬਾਰੇ ਜਾਣੂ ਕਰਵਾਇਆ। ਪਰ ਧਰਨਾਕਾਰੀਆਂ ਵਿਚੋਂ ਕੁਝ ਲੋਕਾਂ ਵੱਲੋਂ ਰੋਲਾ ਪਾ ਕੇ ਗੱਲਬਾਤ ਨੂੰ ਸਿਰੇ ਨਹੀਂ ਚੜ੍ਹਣ ਦਿੱਤਾ ਜਾਂਦਾ ਅਤੇ ਮੌਕੇ 'ਤੇ ਅਦਾਲਤ ਦੇ ਹੁਕਮਾਂ ਸਬੰਧੀ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਮਾਨਯੋਗ ਅਦਾਲਤ ਦੁਆਰਾ ਇੱਕ ਸਾਬਕਾ ਜੱਜ ਦੀ ਅਗਵਾਈ ਵਿੱਚ ਅਤੇ ਰਾਜ ਦੇ ਨੁਮਾਇੰਦਿਆਂ ਦੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਕਤ ਕਮੇਟੀ ਇਸ ਧਰਨੇ ਕਾਰਨ ਫੈਕਟਰੀ ਨੂੰ ਹੋਏ ਵਿੱਤੀ ਨੁਕਸਾਨ ਅਤੇ ਇਸ ਤੋਂ ਪਹਿਲਾਂ ਕੀਤੇ ਗਏ ਦਾਅਵਿਆਂ ਦੀ ਵੈਧਤਾ ਦਾ ਮੁਲਾਂਕਣ ਕਰਨ ਲਈ ਆਪਣੀ ਪਸੰਦ ਦੇ ਇੱਕ ਚਾਰਟਰਡ ਅਕਾਊਟੈਂਟ/ਆਡੀਟਰ ਨੂੰ ਸ਼ਾਮਲ ਕਰਨ ਲਈ ਸੁਤੰਤਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਕਮੇਟੀ ਵਿੱਚ ਮਾਣਯੋਗ ਜਸਟਿਸ ਆਰ.ਕੇ. ਨਹਿਰੂ (ਸੇਵਾ-ਮੁਕਤ) (ਚੇਅਰਮੈਨ), ਰਾਜ ਸਰਕਾਰ ਦਾ ਇੱਕ ਨਾਮਜ਼ਦ ਵਿਅਕਤੀ ਜੋ ਕਰ ਤੇ ਆਬਕਾਰੀ ਵਿਭਾਗ ਵਿੱਚ ਵਧੀਕ ਕਮਿਸ਼ਨਰ ਦੇ ਰੈਂਕ ਤੋਂ ਹੇਠਾਂ ਨਾ ਹੋਵੇ (ਆਫਿਸ਼ੀਅਲ ਮੈਂਬਰ) ਅਤੇ ਸ੍ਰੀ ਬੱਬਰ ਭਾਨ ਐਡਵੋਕੇਟ (ਨਾਨ ਆਫਿਸ਼ੀਅਲ ਮੈਂਬਰ) ਇਸ ਕਮੇਟੀ ਵਿੱਚ ਸ਼ਾਮਲ ਹਨ। ਕਮੇਟੀ ਆਪਣੀ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਧਿਆਨ ਵਿੱਚ ਰੱਖੇਗੀ ਅਤੇ ਉਨ੍ਹਾਂ ਦੇ ਮੁਲਾਂਕਣ ਲਈ ਮਾਨਯੋਗ ਅਦਾਲਤ ਦੇ ਫੈਸਲੇ ਦੁਆਰਾ ਮਾਰਗਦਰਸ਼ਨ ਲਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਧਰਨਾਕਾਰੀਆਂ / ਇਲਾਕਾ ਨਿਵਾਸੀਆਂ ਦੀ ਹਰੇਕ ਜਾਇਜ਼ ਮੰਗ ਦੇ ਹੱਲ ਲਈ ਤਿਆਰ ਹੈ ਪਰ ਧਰਨਾਕਾਰੀਆਂ ਨੂੰ ਇਸ ਸਬੰਧ ਵਿੱਚ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਨੂੰ ਵੀ ਹਰ ਹਾਲਤ ਵਿੱਚ ਮੰਨਣਾ ਹੋਵੇਗਾ ਅਤੇ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਇਲਾਕੇ ਵਿੱਚ ਅਮਨ ਸ਼ਾਂਤੀ ਬਣੀ ਰਹੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ/ਪੰਜਾਬ ਸਰਕਾਰ ਧਰਨਾਕਾਰੀਆਂ ਨਾਲ ਗੱਲਬਾਤ ਲਈ ਹਰ ਸਮੇਂ ਤਿਆਰ ਹੈ ਅਤੇ ਉਨ੍ਹਾਂ ਨੂੰ ਵੀ ਵੱਡਾ ਦਿਲ ਕਰ ਕੇ ਮਸਲੇ ਦੇ ਸਾਰਥਕ ਹੱਲ ਲਈ ਲੋਕਤੰਤਰਿਕ ਢੰਗ ਨਾਲ ਧਰਨੇ ਨੂੰ ਫੈਕਟਰੀ ਤੋਂ 300 ਮੀਟਰ ਪਿੱਛੇ ਕਰ ਕੇ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ।

# ਪੰਜਾਬ ਮੈਰਿਜ਼ ਪੈਲਸ ਤੇ ਰਿਜ਼ੌਰਟਸ ਐਸੋਸੀਏਸ਼ਨ ਦੇ ਵਫਦ ਨੇ ਰੋਡ ਅਕਸੈਸ ਫੀਸ ਸਬੰਧੀ ਮੰਤਰੀ ਹਰਭਜਨ ਸਿੰਘ ਈ.ਟੀਓ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਸੂਬੇ ਵਿਚ ਰੋਡ ਅਕਸੈਸ (ਸੜਕ ਤੱਕ ਪਹੁੰਚ) ਦੀ ਸਰਕਾਰੀ ਫੀਸ ਸਬੰਧੀ ਪੰਜਾਬ ਮੈਰਿਜ਼ ਪੈਲਸ ਅਤੇ ਰਿਜ਼ੌਰਟਸ ਐਸੋਸੀਏਸ਼ਨ ਦਾ ਵਫਦ ਅੱਜ ਇੱਥੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੂੰ ਮਿਲਿਆ।ਮੀਟਿੰਗ ਦੌਰਾਨ ਮੰਤਰੀ ਨੇ ਕਿਹਾ ਕਿ ਮੌਜੂਦਾ ਫੀਸ ਮੈਰਿਜ਼ ਪੈਲਸ ਵਾਲੇ ਭਰਨ ਅਤੇ ਪੁਰਾਣੇ ਬਕਾਏ ਬਾਰੇ ਪ੍ਰਸਥਾਵ ਤਿਆਰ ਕਰਕੇ ਦੇਣ ਜਿਸ ਬਾਰੇ ਵਿਚਾਰ ਕੀਤਾ ਜਵੇਗਾ।

**ਇਸ ਸਾਲ ਦੀ ਫੀਸ ਬਿਨਾਂ ਦੇਰੀ ਭਰੀ ਜਾਵੇ ਅਤੇ ਬਾਕੀ ਸਾਲਾਂ ਦੇ ਬਕਾਏ ਬਾਰੇ ਲਿਖਤੀ ਪ੍ਰਸਤਾਵ ਦਿੱਤਾ ਜਾਵੇ ਜਿਸ ਬਾਰੇ ਵਿਚਾਰ ਕੀਤਾ ਜਾਵੇਗਾ : ਹਰਭਜਨ ਸਿੰਘ ਈ.ਟੀ.ਓ**



ਇਸ ਤੋਂ ਪੰਜਾਬ ਮੈਰਿਜ਼ ਪੈਲਸ ਅਤੇ ਰਿਜ਼ੌਰਟਸ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਸਿੱਧੂ ਅਤੇ ਜਨਰਲ ਸਕੱਤਰ ਮਨਵਿੰਦਰ ਸਿੰਘ ਗੋਲਡੀ ਦੀ ਪ੍ਰਧਾਨਗੀ ਵਿਚ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੂੰ ਮਿਲੇ, ਜਿੰਨਾਂ ਨੇ ਮੈਰਿਜ਼ ਪੈਲਸ ਅਤੇ ਰਿਜ਼ੌਰਟਸ ਨੂੰ ਰੋਡ ਅਕਸੈਸ (ਸੜਕ ਤੱਕ ਪਹੁੰਚ) ਲਈ ਪਿਛਲੇ 8 ਸਾਲ ਤੋਂ ਫੀਸ ਨਾ ਭਰਨ ਸਬੰਧੀ ਨੋਟਿਸ ਮਿਲਣ ਦਾ ਮਾਮਲਾ ਧਿਆਨ ਵਿਚ ਲਿਆਂਦਾ।

ਇਸ ਸਬੰਧੀ ਪੰਜਾਬ ਮੈਰਿਜ਼ ਪੈਲਸ ਅਤੇ ਰਿਜ਼ੌਰਟਸ ਐਸੋਸੀਏਸ਼ਨ ਦੇ ਵਫਦ ਦੀ ਸਹਿਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਸਾਲ ਦੀ ਫੀਸ ਬਿਨਾਂ ਦੇਰੀ ਭਰੀ ਜਾਵੇ ਅਤੇ ਬਾਕੀ ਸਾਲਾਂ ਦੇ ਬਕਾਏ ਬਾਰੇ ਲਿਖਤੀ ਪ੍ਰਸਤਾਵ ਦਿੱਤਾ ਜਾਵੇ ਜਿਸ ਬਾਰੇ ਵਿਚਾਰ ਕੀਤਾ ਜਾਵੇਗਾ।

# ਸਰਕਾਰੀ ਯੋਜਨਾ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਖੁਦ ਫੀਲਡ ਵਿੱਚ ਪਹੁੰਚ ਕਰਨ ਅਧਿਕਾਰੀ : ਸਰਾਰੀ

ਫਰੀਦਕੋਟ, 15 ਦਸੰਬਰ (ਗਿਆਨ ਸਿੰਘ): ਸਰਕਾਰੀ ਯੋਜਨਾ ਦਾ ਲਾਭ ਜਮੀਨੀ ਪੱਧਰ ਤੱਕ ਪਹੁੰਚਾਉਣ ਲਈ ਅਧਿਕਾਰੀ ਖੁਦ ਫੀਲਡ ਵਿੱਚ ਜਾ ਕੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਸਕੀਮਾਂ ਦਾ ਲਾਹਾ ਲੈਣ ਦੇ ਲਈ ਖੁਦ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਤਾਂ ਜੋ ਸਮੇਂ ਸਿਰ ਯੋਜਨਾ ਦਾ ਲਾਭ ਅਸਲ ਲਾਭਪਾਤਰੀਆਂ ਨੂੰ ਮਿਲ ਸਕੇ।




ਇਹ ਪ੍ਰਗਟਾਵਾ ਪੰਜਾਬ ਦੇ ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ, ਫੂਡ ਪ੍ਰੋਸੈਸਿੰਗ ਅਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਨੇ ਫ਼ਰੀਦਕੋਟ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਕੰਮਕਾਜ ਦੀ ਸਮੀਖਿਆ ਲਈ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਪੀਕਰ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ, ਡਿਪਟੀ ਕਮਿਸ਼ਨਰ ਡਾ.ਰੂਹੀ ਦੁੱਗ ਅਤੇ ਜ਼ਿਲ੍ਹਾ ਪੁਲਿਸ ਮੁਖੀ ਰਾਜਪਾਲ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜਰ ਸਨ।

ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਇਹ ਦੇਖਣ ਵਿੱਚ ਆਇਆ ਹੈ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਜਮੀਨੀ ਪੱਧਰ ਤੱਕ ਯੋਗ ਲਾਭਪਾਤਰੀਆਂ ਤੱਕ ਨਹੀਂ ਪਹੁੰਚ ਪਾਉਂਦਾ। ਹੇਠਲੇ ਪੱਧਰ ਤੱਕ ਲੋਕਾਂ ਨੂੰ ਯੋਜਨਾਵਾਂ ਦਾ ਲਾਭ ਲੈਣ ਲਈ ਕਾਗਜ਼ੀ ਕਾਰਵਾਈ ਮੁਕੰਮਲ ਕਰਨ ਦੀ ਜਾਣਕਾਰੀ ਨਹੀਂ ਹੁੰਦੀ ਜਿਸ ਕਾਰਨ ਉਹ ਯੋਜਨਾਵਾਂ ਦਾ ਲਾਭ ਲੈਣ ਤੋਂ ਵਾਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਫੌਜੀਆਂ ਉਨ੍ਹਾਂ ਦੇ ਆਸ਼ਰਿਤਾਂ ,ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਲਈ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਫੌਜੀਆਂ ਦੇ ਘਰਾਂ ਵਿੱਚ ਜਾ ਕੇ ਸਬੰਧਤ ਵਿਭਾਗ ਦੇ ਅਧਿਕਾਰੀ ਖੁਦ ਪਹੁੰਚ ਕਰਨ ਅਤੇ ਉਨ੍ਹਾਂ ਨੂੰ ਪੇਸ਼ ਆਉਂਦੀਆ ਸਮੱਸਿਆਵਾਂ ਦਾ ਹੱਲ ਸਮੇਂ ਕੀਤਾ ਜਾਵੇ। ਉਨ੍ਹਾਂ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਕਿਸਾਨਾਂ ਨੂੰ ਫਸਲੀ ਚੱਕਰ ਵਿੱਚੋਂ ਕੱਢ ਕੇ ਲਾਹੇਵੰਦ ਫਸਲਾਂ ਬੀਜਣ ਸਬੰਧੀ ਵਿਸ਼ੇਸ਼ ਤੌਰ ਤੇ ਕੈਂਪ ਲਗਾ ਕੇ ਜਾਗਰੂਕ ਕਰਨ। ਉਨ੍ਹਾਂ ਨੋਜਵਾਨਾਂ ਨੂੰ ਸਵੈ ਰੋਜਗਾਰ ਬਣਾਉਣ ਦੇ ਲਈ ਸਮੇਂ ਸਮੇਂ ਸਿਰ ਸਰਕਾਰ ਵੱਲੋਂ ਬਣਾਈਆਂ ਜਾਂਦੀਆਂ ਯੋਜਨਾਵਾਂ ਦਾ ਲਾਭ ਲੈਣ ਲਈ ਪ੍ਰੇਰਿਤ ਕਰਨ ਲਈ ਕਿਹਾ।

ਇਸ ਦੌਰਾਨ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਵੀ ਹਲਕੇ ਨਾਲ ਸਬੰਧਤ ਜਿਲੇ ਵਿੱਚ ਚੱਲ ਰਹੀਆਂ ਸਰਕਾਰੀ ਸਕੀਮਾਂ ਸਬੰਧੀ ਜਾਣਕਾਰੀ ਹਾਸਲ ਕੀਤੀ ਅਤੇ ਪੇਸ਼ ਆ ਰਹੀਆਂ ਸਮੱਸਿਆ ਸਬੰਧੀ ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜਪਾਲ ਸਿੰਘ, ਡੀ.ਆਰ.ਓ ਡਾ. ਅਜੀਤ ਪਾਲ ਸਿੰਘ, ਐਸ.ਡੀ.ਐਮ. ਫਰੀਦਕੋਟ ਮੈਡਮ ਬਲਜੀਤ ਕੌਰ, ਐਸ.ਡੀ.ਐਮ. ਕੋਟਕਪੂਰਾ ਮੈਡਮ ਵੀਰਪਾਲ ਕੌਰ, ਐਸ.ਡੀ.ਐਮ ਜੈਤੋ ਡਾ. ਨਿਰਮਲ ਓਸੇਪਚਨ, ਐਸ.ਐਮ.ਓ ਡਾ. ਚੰਦਰ ਸ਼ੇਖਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਪਾਵਰ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਦੀਆਂ ਛੁੱਟੀਆਂ ਅਪਲਾਈ ਅਤੇ ਪ੍ਰਵਾਨਗੀ ਲਈ ਆਨਲਾਈਨ ਸਿਸਟਮ ਲਾਗੂ ਕੀਤਾ ਜਾਵੇਗਾ : ਹਰਭਜਨ ਸਿੰਘ ਈ.ਟੀ.ਓ.

## ਮਨਮਾਨੀਆਂ ਅਤੇ ਜਾਣਬੁੱਝ ਕੇ ਲੋਕਾਂ ਨੂੰ ਖੱਜਲ ਖੁਆਰ ਕਰਨ ਵਾਲੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਪੰਜਾਬ ਸਰਕਾਰ ਦੇ ਵਿਭਗਾਂ ਦੀ ਤਰਜ਼ 'ਤੇ ਪੰਜਾਬ ਸੇਟਟ ਪਾਵਰ ਕਾਰਪੋਰੇਸ਼ਨ ਅਤੇ ਪਾਵਰ ਸਟੇਟ ਟਰਾਂਸਮਿਸਨ ਕਾਰਪੋਰੇਸ਼ਨ ਵਿਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ ਦੀਆਂ ਪ੍ਰਵਾਨਗੀਆਂ ਲਈ ਆਨਲਾਈਨ ਸਿਸਟਮ ਲਾਗੂ ਕੀਤਾ ਜਾਵੇਗਾ।ਅੱਜ ਇੱਥੇ ਦੋਵਾਂ ਕਾਰਪੋਰੇਸ਼ਨਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਪਾਵਰ ਕਾਰਪੋਰੇਸ਼ਨ ਦੇ ਦਫਤਰਾਂ ਵਿਚ ਮੁਲਾਜ਼ਮਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਅਹਿਮ ਫੈਸਲਾ ਲੈਂਦਿਆਂ ਹੁਕਮ ਦਿੱਤੇ ਕਿ ਦੋਵਾਂ ਕਾਰਪੋਰੇਸ਼ਨਾ ਵਿਚ ਮੁਲਾਜ਼ਮਾਂ ਦੀ ਛੁੱਟੀ ਅਪਲਾਈ ਕਰਨ ਅਤੇ ਪ੍ਰਵਾਨ ਕਰਨ ਲਈ ਆਨਲਾਈਨ ਸਿਸਟਮ ਲਾਗੂ ਕੀਤਾ ਜਾਵੇ।

ਬਿਜਲੀ ਮੰਤਰੀ ਨੇ ਕਿਹਾ ਕਿ ਇਹ ਆਮ ਦੇਖਣ ਵਿਚ ਆਇਆ ਹੈ ਕਿ ਬਹੁਤੇ ਮੁਲਾਜ਼ਮ ਦਫਤਰਾਂ ਵਿਚ ਛੁੱਟੀ ਪਹਿਲਾਂ ਹੀ ਬਿਨਾਂ ਮਿਤੀ ਪਾਏ ਲਿਖ ਕੇ ਰੱਖ ਜਾਂਦੇ ਹਨ, ਜਿਸ ਨੂੰ ਹਾਜ਼ਰੀ ਰਜਿਸਟਰ ਵਿਚ ਦਰਜ਼ ਨਹੀਂ ਕੀਤਾ ਜਾਂਦਾ।ਉਨ੍ਹਾਂ ਕਿਹਾ ਕਿ ਇਸ ਪ੍ਰਥਾ ਨੂੰ ਠੱਲ ਪਾਉਣ ਲਈ ਆਨਲਾਈਨ ਹਾਜ਼ਰੀ ਸਿਸਟਮ ਲਿਆਉਣ ਬਾਰੇ ਫੈਸਲਾ ਲਿਆ ਗਿਆ ਹੈ।ਇਸ ਦੇ ਨਾਲ ਹੀ ਬਿਜਲੀ ਮੰਤਰੀ ਨੇ ਹਦਾਇਤਾਂ ਜਾਰੀ ਕੀਤੀਆਂ ਕਿ ਕੋਈ ਵੀ ਅਧਿਕਾਰੀ ਜਾ ਕਰਮਚਾਰੀ ਬਿਨਾਂ ਪ੍ਰਵਾਨਗੀ ਤੋਂ ਛੁੱਟੀ 'ਤੇ ਨਾ ਜਾਵੇ।

ਪਾਵਰ ਕਾਰਪੋਰੇਸ਼ਨ ਦੇ ਦਫਤਰਾਂ ਵਿਚ ਲੋਕਾਂ ਦੀ ਖੱਜਲਖੁਆਰੀ ਰੋਕਣ ਦੇ ਮੰਤਵ ਨਾਲ ਇੱਕ ਹੋਰ ਅਹਿਮ ਫੈਸਲਾ ਲੈਂਦਿਆਂ ਹਰਭਜਨ ਸਿੰਘ ਈ.ਟੀ.ਓ ਨੇ ਹਦਾਇਤਾਂ ਜਾਰੀ ਕੀਤੀਆਂ ਕਿ ਲੋਕਾਂ ਨਾਲ ਸਹਿਜਤਾ ਅਤੇ ਸਲੀਕੇ ਨਾਲ ਪੇਸ਼ ਆਇਆ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਕੰਮ ਬਿਨਾਂ ਕਿਸੇ ਦੇਰੀ ਕੀਤੇ ਜਾਣ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮਨਮਾਨੀਆਂ ਅਤੇ ਜਾਣਬੁੱਝ ਕੇ ਸਰਕਾਰ ਦੇ ਅਕਸ ਨੂੰ ਢਾਹ ਲਾਉਣ ਵਾਲੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਬਿਜਲੀ ਮੰਤਰੀ ਨੇ ਹੁਕਮ ਜਾਰੀ ਕੀਤੇ ਕਿ ਸੀਨੀਅਰ ਅਫਸਰ ਖੁੱਦ ਫੀਲਡ ਵਿਚ ਜਾ ਕੇ ਸਮੇਂ ਸਮੇਂ 'ਤੇ ਦਫਤਰਾਂ ਦੀ ਚੈਕਿੰਗ ਕਰਨ ਅਤੇ ਕੰਮਾਂ ਦੀ ਫਿਜੀਕਲ ਵੈਰੀਫਿਕੇਸ਼ਨ ਯਕੀਨੀ ਬਣਾਉਣ।ਉਨ੍ਹਾਂ ਕਿਹਾ ਕਿ ਬੇਵਜ੍ਹਾ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਲੇ ਮੁਲਾਜ਼ਮਾਂ ਅਤੇ ਡਿਊਟੀ ਵਿਚ ਕੁਤਾਹੀ ਕਰਨ ਵਾਲਿਆਂ ਦੀ ਜਵਾਬਦੇਹੀ ਤਹਿ ਕੀਤੀ ਜਾਵੇ।

ਸੜਕਾਂ ਉੱਤੇ ਲਮਕਦੀਆਂ ਢਿੱਲੀਆਂ ਹੋਈਆਂ ਬਿਜਲੀ ਦੀਆਂ ਤਾਰਾਂ ਅਤੇ ਖੁੱਲੇ ਬਕਸਿਆਂ ਕਾਰਨ ਹੁੰਦੇ ਜਾਨੀ ਨੁਕਸਾਨ ਨੂੰ ਰੋਕਣ ਲਈ ਰਾਸ਼ਟਰੀ ਅਤੇ ਰਾਜ ਮਾਰਗਾਂ 'ਤੇ ਬਿਜਲੀ ਦੀਆਂ ਤਾਰਾਂ ਨੂੰ ਉੱਚਾ ਚੁੱਕਣ ਅਤੇ ਬਕਸਿਆਂ ਨੂੰ ਠੀਕ ਤਰਾਂ ਬੰਦ ਕਰਨ ਸਬੰਧੀ ਵੀ ਬਿਜਲੀ ਮੰਤਰੀ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਮੀਟਿੰਗ ਵਿਚ ਤੇਜਵੀਰ ਸਿੰਘ ਪ੍ਰਮੁੱਖ ਸਕੱਤਰ ਪਾਵਰ, ਬਲਦੇਵ ਸਿੰਘ ਸਰਾਂ ਚੇਅਰਮੈਨ ਪਾਵਰ ਕਾਰਪੋਰੇਸ਼ਨ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਐਲ ਦੇ ਡਾਇਰੈਕਟਰ, ਚੀਫ ਅਤੇ ਹੋਰ ਸੀਨਅਰ ਅਧਿਕਾਰੀ ਵੀ ਹਾਜ਼ਰ ਸਨ।

# ਮੁੱਖ ਮੰਤਰੀ ਨੇ ਨੌਜਵਾਨਾਂ ਵਿਚਾਲੇ ਸਵੈ-ਵਿਸ਼ਵਾਸ ਦੀ ਭਾਵਨਾ ਪੈਦਾ ਕਰਨ ਲਈ ਵਾਈਸ ਚਾਂਸਲਰਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਲਈ ਆਖਿਆ

**-ਨੌਜਵਾਨਾਂ ਲਈ ਸਵੈ-ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਹੁਨਰ ਆਧਾਰਤ ਮਿਆਰੀ ਸਿੱਖਿਆ ਉਤੇ ਦਿੱਤਾ ਜ਼ੋਰ**

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੂੰ ਨੌਜਵਾਨਾਂ ਵਿੱਚ ਸਵੈ-ਵਿਸ਼ਵਾਸ ਦੀ ਭਾਵਨਾ ਭਰਨ ਉਤੇ ਧਿਆਨ ਕੇਂਦਰਤ ਕਰ ਕੇ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਇੱਥੇ ਬੁੱਧਵਾਰ ਨੂੰ ਆਪਣੇ ਦਫ਼ਤਰ ਵਿੱਚ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨ ਸੂਬੇ ਦਾ ਸਭ ਤੋਂ ਵੱਡਾ ਸਰਮਾਇਆ ਹਨ ਅਤੇ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ ਇਸ ਸ਼ਕਤੀ ਨੂੰ ਸਹੀ ਤਰੀਕੇ ਨਾਲ ਸਿੱਖਿਅਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਤਾਕਤ ਦੀ ਸੁਚੱਜੀ ਵਰਤੋਂ ਲਈ ਉਨ੍ਹਾਂ ਦੀ ਸਮਰੱਥਾ ਵਧਾਉਣਾ ਸਮੇਂ ਦੀ ਲੋੜ ਹੈ ਤਾਂ ਜੋ ਸੂਬੇ ਦੇ ਵਿਕਾਸ ਲਈ ਉਹ ਆਪਣੀਆਂ ਸੇਵਾਵਾਂ ਦੀ ਬਿਹਤਰੀਨ ਤਰੀਕੇ ਨਾਲ ਵਰਤੋਂ ਕਰ ਸਕਣ। ਭਗਵੰਤ ਮਾਨ ਨੇ ਕਿਹਾ ਕਿ ਯੂਨੀਵਰਸਿਟੀਆਂ ਸਿੱਖਿਆ ਦੇ ਮੰਦਰ ਹਨ ਅਤੇ ਨੌਜਵਾਨਾਂ ਨੂੰ ਭਵਿੱਖ ਦੇ ਲੀਡਰ ਬਣਨ ਲਈ ਉਤਸ਼ਾਹਤ ਕਰਨ ਵਾਸਤੇ ਇਨ੍ਹਾਂ ਮੰਦਰਾਂ ਦੀ ਸਹੀ ਵਰਤੋਂ ਜ਼ਰੂਰੀ ਹੈ।



ਵਿਦਿਆਰਥੀਆਂ ਨੂੰ ਹੁਨਰਮੰਦ ਕਰਨ ਲਈ ਮਿਆਰੀ ਸਿੱਖਿਆ ਦੇਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਵੱਡੇ ਪੱਧਰ ਉਤੇ ਨਿਵੇਸ਼ ਕਰਨ ਲਈ ਆ ਰਹੇ ਸਨਅਤਕਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਦੀ ਬੇਹੱਦ ਜ਼ਿਆਦਾ ਜ਼ਰੂਰਤ ਹੈ। ਭਗਵੰਤ ਮਾਨ ਨੇ ਕਿਹਾ ਕਿ ਹੁਨਰ ਸਿੱਖਿਆ ਰਾਹੀਂ ਸੂਬੇ ਕੋਲ ਹੁਨਰਮੰਦ ਮਨੁੱਖੀ ਸ਼ਕਤੀ ਦਾ ਅਜਿਹਾ ਭੰਡਾਰ ਹੋਵੇਗਾ, ਜਿਸ ਤੋਂ ਸਨਅਤਕਾਰਾਂ ਨੂੰ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਹੁਨਰ ਸਿੱਖਿਆ ਨੌਜਵਾਨਾਂ ਲਈ ਸਵੈ-ਰੋਜ਼ਗਾਰ ਦੇ ਨਵੇਂ ਰਸਤੇ ਖੋਲ੍ਹੇਗੀ, ਜਿਸ ਨਾਲ ਉਹ ਆਪਣਾ ਜੀਵਨ ਮਾਣ ਤੇ ਸਤਿਕਾਰ ਨਾਲ ਬਸਰ ਕਰਨ ਦੇ ਯੋਗ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਮੋਹਾਲੀ ਵਿੱਚ ਇਨੋਵੇਸ਼ਨ ਸੈਂਟਰ ਸਥਾਪਤ ਕੀਤਾ ਹੈ, ਜੋ ਸੂਬੇ ਦੇ ਨੌਜਵਾਨਾਂ ਦੇ ਬਹੁ-ਪੱਖੀ ਵਿਕਾਸ ਲਈ ਸਹਾਈ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਭਵਿੱਖੀ ਚੁਣੌਤੀਆਂ ਤੇ ਜੀਵਨ ਵਿੱਚ ਸਫ਼ਲਤਾ ਦੇ ਯੋਗ ਬਣਾ ਰਿਹਾ ਹੈ। ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਇਹ ਕੇਂਦਰ ਨੌਜਵਾਨਾਂ ਦੀ ਅਥਾਹ ਸ਼ਕਤੀ ਦੀ ਸਹੀ ਦਿਸ਼ਾ ਵਿੱਚ ਵਰਤੋਂ ਯਕੀਨੀ ਬਣਾਏਗਾ, ਜਿਸ ਨਾਲ ਉਹ ਸੂਬੇ ਦੀ ਸਮਾਜਿਕ-ਆਰਥਿਕ ਤਰੀਕੇ ਵਿੱਚ ਸਰਗਰਮ ਭਾਈਵਾਲ ਬਣਨਗੇ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਮੇਕਰ-ਸਪੇਸ (ਵਿਚਾਰਾਂ ਤੇ ਤਕਨਾਲੋਜੀ ਦੇ ਆਦਾਨ-ਪ੍ਰਦਾਨ) ਦਾ ਸੰਕਲਪ ਪੇਸ਼ ਕਰਨ ਉਤੇ ਵੀ ਵਿਚਾਰ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਜਰਮਨੀ ਦੇ ਆਪਣੇ ਹਾਲੀਆ ਦੌਰੇ ਦੌਰਾਨ ਇਸ ਪ੍ਰਾਜੈਕਟ ਦਾ ਅਧਿਐਨ ਕੀਤਾ ਸੀ। ਉਨ੍ਹਾਂ ਕਿਹਾ ਕਿ ਮੇਕਰ-ਸਪੇਸ ਸਾਰਿਆਂ ਲਈ ਸਿਰਜਣਾ ਦੇ ਨਵੇਂ ਤਰੀਕੇ ਵਿਹਾਰਕ ਤੌਰ ਉਤੇ ਸਿੱਖਣ ਦਾ ਮੌਕਾ ਹੋਵੇਗਾ। ਉਨ੍ਹਾਂ ਕਿਹਾ ਕਿ ਸਿਰ-ਜਣਾ ਦੇ ਖੇਤਰ ਵਿੱਚ ਨੌਜਵਾਨਾਂ ਦੇ ਛੁਪੇ ਹੁਨਰ ਨੂੰ ਸਾਹਮਣੇ ਲਿਆਉਣ ਲਈ ਇਹ ਮੇਕਰਸਪੇਸ 3ਡੀ ਡਿਜ਼ਾਈਨਿੰਗ ਤੇ ਪ੍ਰਿੰਟਿੰਗ, ਆਡੀਓ-ਵਿਜ਼ੂਅਲ ਉਪਕਰਨ ਅਤੇ ਹੋਰ ਵਿਹਾਰਕ ਤਕਨੀਕਾਂ ਦੀਆਂ ਸਹੂਲਤਾਂ ਨਾਲ ਲੈਸ ਹੋਵੇਗਾ।

ਇਕ ਹੋਰ ਮੁੱਦੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਾਰਚ ਤੇ ਜੂਨ ਮਹੀਨੇ ਦੌਰਾਨ ਜੀ-20 ਸੰਮੇਲਨ ਦੇ ਦੋ ਸੈਸ਼ਨ ਹੋਣਾ ਸਮੇਂ ਲਈ ਚੰਗਾ ਸ਼ਗਨ ਹੈ। ਉਨ੍ਹਾਂ ਕਿਹਾ ਕਿ ਮਾਰਚ ਵਿੱਚ ਹੋਣ ਵਾਲਾ ਸੰਮੇਲਨ ਸਿੱਖਿਆ ਦੇ ਮੁੱਦੇ ਉਤੇ ਹੋ ਰਿਹਾ ਹੈ। ਇਸ ਲਈ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿੱਚ ਇਸ ਸੰਮੇਲਨ ਵਿੱਚ ਭਾਗ ਲੈਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਸੰਮੇਲਨ ਆਲਮੀ ਮੁੱਦਿਆਂ ਬਾਰੇ ਵਿਦਿਆਰਥੀਆਂ ਦੀ ਸੋਚ ਦਾ ਘੇਰਾ ਮੋਕਲਾ ਕਰ ਕੇ ਉਨ੍ਹਾਂ ਦੇ ਜੀਵਨ ਵਿੱਚ ਉਸਾਰੂ ਤਬਦੀਲੀ ਲਿਆਏਗਾ।






# ਗੁਜਰਾਤ, ਹਿਮਾਚਲ ਅਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਤੋਂ ਬਾਅਦ

ਬੀਤੇ ਦਿਨੀਂ ਭਾਰਤ ਦੇ ਦੋ ਰਾਜਾਂ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਆ ਗਏ ਹਨ ਅਤੇ ਕਿਸੇ ਰਾਜ ਵਰਗੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦਾ ਨਤੀਜਾ ਵੀ ਆ ਚੁੱਕਾ ਹੈ। ਪਹਿਲਾਂ ਦਿੱਲੀ ਵਾਲੀ ਨਗਰ ਨਿਗਮ ਦਾ ਨਤੀਜਾ ਆਇਆ, ਜਿਸ ਵਿੱਚ ਪੰਦਰਾਂ ਸਾਲਾਂ ਤੋਂ ਕਬਜ਼ਾ ਕਰੀ ਬੈਠੀ ਭਾਜਪਾ ਨੂੰ ਲਾਂਭੇ ਧੱਕ ਕੇ ਪਹਿਲੀ ਵਾਰ ਆਮ ਆਦਮੀ ਪਾਰਟੀ ਨੂੰ ਸ਼ਹਿਰ ਦੀ ਜ਼ਿਮੇਵਾਰੀ ਮਿਲੀ ਹੈ। ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਾਸਤੇ ਕੁੱਲ ਵੋਟਰ ਤਿਰਵੰਜਾ ਲੱਖ ਤੋਂ ਥੋੜ੍ਹੇ ਜਿਹੇ ਘੱਟ ਸਨ, ਪਰ ਦਿੱਲੀ ਨਗਰ ਨਿਗਮ ਦੇ ਵੋਟਰਾਂ ਦੀ ਗਿਣਤੀ ਇੱਕ ਕਰੋੜ ਪੰਜਤਾਲੀ ਲੱਖ ਤੋਂ ਵੱਧ ਹੋਣ ਕਾਰਨ ਉਹ ਆਪਣੇ ਆਪ ਵਿੱਚ ਇੱਕ ਪੂਰੇ ਰਾਜ ਵਰਗੀ ਗਿਣੀ ਜਾਂਦੀ ਹੈ। ਇੱਕ ਮੌਕੇ ਦਿੱਲੀ ਵਿੱਚ ਭਾਜਪਾ ਦੀ ਜਿੱਤ ਹੋਈ ਤੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਦਿੱਲੀ ਦੀ ਜਿੱਤ ਨੂੰ ਅਸਲ ਵਿੱਚ 'ਮਿੰਨੀ ਹਿੰਦੁਸਤਾਨ' ਦੀ ਜਿੱਤ ਕਹਿਣਾ ਚਾਹੀਦਾ ਹੈ, ਕਿਉਂਕਿ ਇਸ ਸ਼ਹਿਰ ਵਿੱਚ ਭਾਰਤ ਦੇ ਹਰ ਰਾਜ ਤੋਂ ਲੋਕ ਰਹਿੰਦੇਹਨ। ਇਸ ਲਈ ਜਦੋਂ ਦਿੱਲੀ ਸ਼ਹਿਰ ਦੀ ਜਿੱਤ ਹੋਈ ਤਾਂ ਆਮ ਆਦਮੀ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਦੇ ਸ਼ਬਦਾਂ ਵਾਲੀ ਜਿੱਤ ਹੀ ਮਹਿਸੂਸ ਕਰਦੇ ਤੇ ਕਾਫੀ ਜੋਸ਼ ਵਿੱਚ ਸਨ। ਅਗਲੇ ਦਿਨ ਆਏ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੇ ਨਤੀਜਿਆਂ ਨੇ ਉਨ੍ਹਾਂ ਦੀ ਦਿੱਲੀ ਜਿੱਤਣ ਦੀ ਖੁਸ਼ੀ ਖਰਾਬ ਕਰ ਦਿਤੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਤਾਂ ਉਹ ਚੋਣ ਮੁਹਿੰਮ ਤੋਂ ਅਗੇਤੇ ਹੀ ਕੰਨੀ ਖਿਸਕਾ ਗਏ ਸਨ, ਗੁਜਰਾਤ ਵਿੱਚ ਉਨ੍ਹਾਂ ਨੂੰ ਵੱਡੀ ਆਸ ਸੀ ਤੇ ਇਸੇ ਕਾਰਨ ਓਥੇ ਸਰਕਾਰ ਬਣਾ ਲੈਣ ਦੇ ਦਾਅਵੇ ਵੀ ਕਰੀ ਜਾ ਰਹੇ ਸਨ, ਪਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਝਟਕਾ ਲੱਗਾ ਹੈ।

## ਹਿਮਾਚਲ ਵਿਚ ਅਗਨੀਵੀਰ ਸਕੀਮ ਅਤੇ ਸੇਬਾਂ ਵਾਲੇ ਕਿਸਾਨਾਂ ਨੇ ਹਵਾ ਦਾ ਰੁਖ ਬਦਲਿਆ





ਕਾਂਗਰਸ ਪਾਰਟੀ ਦਾਅਵੇ ਭਾਵੇਂ ਲੱਖ ਕਰਦੀ ਰਹੇ, ਅਸਲ ਵਿੱਚ ਉਸ ਨੂੰ ਨਾ ਗੁਜਰਾਤ ਵਿੱਚ ਜਿੱਤਣ ਵਾਲੀ ਆਸ ਸੀ ਤੇ ਨਾ ਹਿਮਾਚਲ ਪ੍ਰਦੇਸ਼ ਵਿੱਚ ਉਸ ਦੇ ਵਰਕਰਾਂ ਦਾ ਦਿਲ ਧੀਰਜ ਧਰਦਾ ਸੀ। ਕਿਸੇ ਯੋਗ ਅਗਵਾਈ ਤੋਂ ਸੱਖਣੀ ਇਹ ਪਾਰਟੀ ਜਿੰਨੀ ਵੱਡੀ ਚਿੰਤਾ ਵਿੱਚ ਸੀ, ਉਸ ਦੀ ਰਕੀਬ ਭਾਜਪਾ ਦੇ ਆਗੂ ਇਹ ਦਾਅਵਾ ਕਰਨੋਂ ਨਹੀਂ ਸੀ ਹਟਦੇ ਕਿ ਇਸ ਰਾਜ ਦੀ ਹਰ ਵਾਰੀ ਸਰਕਾਰ ਬਦਲਣ ਦੀ ਰਿਵਾਇਤ ਤੋੜ ਕੇ ਉਹ ਲਗਾਤਾਰ ਦੂਸਰੀ ਵਾਰੀ ਸਰਕਾਰ ਬਣਾਉਣਗੇ। ਜਦੋਂ ਮਸਾਂ ਦੋ ਦਿਨ ਵੋਟਾਂ ਪੈਣ ਵਿੱਚ ਰਹਿ ਗਏ ਤਾਂ ਅਚਾਨਕ ਹਵਾ ਦਾ ਰੁਖ ਬਦਲਿਆ ਤੇ ਭਾਰਤ ਸਰਕਾਰ ਵੱਲੋਂ ਚਲਾਈ ਗਈ ਫੌਜ ਦੇ ਅਗਨੀਵੀਰ ਜਵਾਨਾਂ ਦੀ ਸਕੀਮ ਦੀ ਕੌੜ ਉੱਭਰ ਪਈ। ਛੋਟਾ ਜਿਹਾ ਰਾਜ ਹੋਣ ਦੇ ਬਾਵਜੂਦ ਹਿਮਾਚਲ ਪ੍ਰਦੇਸ਼ ਤੋਂ ਬਹੁਤ ਵੱਡੀ ਗਿਣਤੀ ਲੋਕ ਫੌਜ ਦੀ ਸੇਵਾ ਕਰਦੇ ਹਨ ਤੇ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਵਿੱਚ ਵੀ ਬੜੀ ਵੱਡੀ ਗਿਣਤੀ ਇਸ ਰਾਜ ਦੇ ਫੌਜੀਆਂ ਦੀ ਹੈ। ਇਹੀ ਨਹੀਂ, ਭਾਰਤੀ ਫੌਜ ਦੇ ਜਰਨੈਲਾਂ ਤੇ ਸੇਵਾ ਮੁਕਤ ਜਰਨੈਲਾਂ ਵਿੱਚ ਵੀ ਬਹੁਤ ਸਾਰੇ ਇਸ ਰਾਜ ਵਿੱਚੋਂ ਹਨ ਅਤੇ ਉਹ ਅਗਨੀਵੀਰ ਸਕੀਮ ਨੂੰ ਭਵਿੱਖ ਦੇ ਫੌਜੀ ਬਣਨ ਵਾਲੇ ਨੌਜਵਾਨਾਂ ਲਈ ਗਲਤ ਸਮਝਦੇ ਹੋਣ ਕਰ ਕੇ ਇਸ ਦੇ ਖਿਲਾਫ ਸਨ। ਦੂਸਰਾ ਸੇਬਾਂ ਵਾਲੇ ਕਿਸਾਨ ਭਾਜਪਾ ਰਾਜ ਵਿੱਚ ਬੁਰੀ ਤਰ੍ਹਾਂ ਲੁੱਟੇ ਗਏ ਸਨ। ਇਨ੍ਹਾਂ ਦੋਂਹ ਅਹਿਮ ਪੱਖਾਂ ਦਾ ਨਾਂਹ-ਪੱਖੀ ਅਸਰ ਭਾਜਪਾ ਲੀਡਰਸ਼ਿਪ ਨੇ ਕਦੀ ਸੋਚਿਆ ਤੱਕ ਨਹੀਂ ਸੀ ਤੇ ਜਦੋਂ ਅਚਾਨਕ ਇਹ ਅਸਰ ਸਾਹਮਣੇ ਆਇਆ, ਓਦੋਂ ਵਿਗੜੀ ਹੋਈ ਗੱਲ ਸੁਧਾਰਨ ਦਾ ਸਮਾਂ ਨਾ ਹੋਣ ਕਾਰਨ ਭਾਜਪਾ ਮਾਰ ਖਾ ਗਈ ਹੈ।

ਜਤਿੰਦਰ ਪਨੂੰ ਦੀ ਕਲਮ ਤੋਂ



ਇਹ ਗੱਲ ਸਾਨੂੰ ਇਸ ਲਈ ਕਹਿਣੀ ਪਈ ਹੈ ਕਿ ਪੰਜਾਬ ਦੀ ਅਜੋਕੀ ਸਰਕਾਰ ਬਣਨ ਤੋਂ ਨੌਂ ਮਹੀਨੇ ਚੱਲਣ ਤੱਕ ਹਰ ਗੱਲ ਵਿੱਚ ਇਹ ਸੁਣਿਆ ਜਾਂਦਾ ਹੈ ਕਿ ਦਿੱਲੀ ਵਿੱਚ ਅਸੀਂ ਆਹ ਕੀਤਾ ਸੀ ਅਤੇ ਪੰਜਾਬ ਵਿੱਚ ਕਰਾਂਗੇ। ਪਿਛਲੇ ਸਮੇਂ ਵਿੱਚ ਜਿੰਨੀ ਲੋੜ ਸੀ, ਉਹ ਮਿਸਾਲਾਂ ਵਰਤ ਲੈਣ ਵਿੱਚ ਹਰਜ ਨਹੀਂ ਸੀ, ਪਰ ਇਹ ਲੁਕਮਾਨ ਹਕੀਮ ਦਾ ਫਾਰਮੂਲਾ ਨਹੀਂ ਹੈ, ਏਸੇ ਲਈ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੋਵਾਂ ਥਾਂਵਾਂ ਦੇ ਵੋਟਰਾਂ ਨੇ ਇਸ ਦਾ ਹੁੰਗਾਰਾ ਨਹੀਂ ਭਰਿਆ। ਇਹੋ ਗੱਲ ਨੋਟ ਕਰ ਕੇ ਪੰਜਾਬ ਦੀ ਸਰਕਾਰ ਨੂੰ ਚੱਲਣਾ ਪਵੇਗਾ ਅਤੇ ਏਥੋਂ ਦੇ ਲੋਕਾਂ ਵਿੱਚ ਜਿਹੜੇ ਰੋਸ ਉਪਜਦੇ ਜਾਂ ਵਧੀ ਜਾ ਰਹੇ ਹਨ, ਉਨ੍ਹਾਂ ਵੱਲ ਧਿਆਨ ਦੇ ਕੇ ਹਾਲਾਤ ਦੇ ਮੁਤਾਬਕ ਕਦਮ ਚੁੱਕ ਕੇ ਪਿਛਲੀ ਕਸਰ ਕੱਢਣੀ ਹੋਵੇਗੀ। ਖਾਸ ਗੱਲ ਇਸ ਵਿੱਚ ਇਹ ਹੈ ਕਿ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਅਤੇ ਜ਼ਿਲਾ ਪੱਧਰ ਦੇ ਆਗੂਆਂ ਦੇ ਬਾਅਦ ਆਮ ਵਰਕਰਾਂ ਵਿੱਚ ਵੀ ਜਿਹੜੇ ਕਾਂਗਰਸੀਆਂ ਅਤੇ ਅਕਾਲੀਆਂ ਵਾਲੇ ਰੁਝਾਨ ਦਿੱਸਣੇ ਸ਼ੁਰੂ ਹੋ ਗਏ ਹਨ, ਹਰ ਕਿਸੇ ਨਾਲ ਆਢਾ ਲਾਈ ਰੱਖਣ ਤੇ ਆਪਣੀ ਸਰਕਾਰ ਦੇ ਦਾਬੇ ਮਾਰਨ ਦਾ ਇਹ ਕੰਮ ਰੋਕਣਾ ਹੋਵੇਗਾ। ਸਰਕਾਰੀ ਦਫਤਰਾਂ ਅਤੇ ਅਫਸਰਾਂ ਨਾਲ ਵੀ ਮੰਤਰੀ ਗੱਲ ਕਰਨ ਜਾਂ ਵਿਧਾਇਕ, ਜੇ ਵਿਧਾਇਕਾਂ ਦੇ ਪਰਵਾਰਾਂ ਦੇ ਜੀਅ ਅਤੇ ਉਨ੍ਹਾਂ ਨਾਲ ਜੁੜੇ ਹੋਏ ਦੁੱਕੜ-ਤਿੱਕੜ ਵੀ ਆਪਣੇ ਆਪ ਨੂੰ ਵਿਧਾਇਕ ਸਮਝਦੇ ਅਤੇ ਓਦਾਂ ਦੀ ਹਕੂਮਤੀ ਬੋਲੀ ਬੋਲਦੇ ਹਨ ਤਾਂ ਮੁਸ਼ਕਲਾਂ ਇਸ ਸਰਕਾਰ ਲਈ ਵਧਣਗੀਆਂ। ਸਰਕਾਰ ਦਾ ਮੁਖੀ ਇਸ ਨੂੰ ਮਹਿਸੂਸ ਕਰੇ ਜਾਂ ਨਾ ਕਰੇ, ਆਮ ਲੋਕ ਇਸ ਬਾਰੇ ਸੱਥਾਂ ਵਿੱਚ ਚਰਚਾ ਕਰਦੇ ਸੁਣੇ ਜਾਣ ਲੱਗ ਪਏ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ 'ਆਵਾਜ਼ੇ ਖਲਕਤ, ਨਗਾਰਾ-ਇ-ਖੁਦਾ' ਵਾਲਾ ਮੁਹਾਵਰਾ ਵੀ ਜ਼ਰੂਰ ਪਤਾ ਹੋਵੇਗਾ। ਅੱਗੋਂ ਉਸ ਨੇ ਕੀ ਕਰਨਾ ਹੈ, ਜ਼ਿਮੇਵਾਰੀ ਵੀ ਉਸ ਦੀ ਹੈ ਅਤੇ ਮਰਜ਼ੀ ਵੀ।

## ਗੁਜਰਾਤ ਵਿਚ ਜਿੱਤ ਦਾ ਇੱਕ ਕਾਰਨ ਹਿੰਦੂਤੱਵ ਦਾ ਉਭਾਰ ਵੀ

ਗੁਜਰਾਤ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਲੱਖ ਬਹਾਨੇ ਬਣਾਉਣ, ਅਸਲ ਵਿੱਚ ਇਹ ਮੰਨਣ ਦੀ ਲੋੜ ਹੈ ਕਿ ਓਥੇ ਭਾਜਪਾ ਦੀ ਪਕੜ ਪਹਿਲਾਂ ਨਾਲੋਂ ਵੱਧ ਮਜ਼ਬੂਤ ਹੋਈ ਹੈ, ਜਿਸ ਦੇ ਕਈ ਕਾਰਨਾਂ ਵਿੱਚੋਂ ਇੱਕ ਹਿੰਦੂਤੱਵ ਦਾ ਉਭਾਰ ਵੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਭੇੜ ਵਿੱਚ ਸੈਕੂਲਰ ਵੋਟਾਂ ਵੰਡੇ ਜਾਣ ਨਾਲ ਭਾਜਪਾ ਵੱਡੀ ਗਿਣਤੀ ਸੀਟਾਂ ਜਿੱਤਣ ਵਿੱਚ ਸਫਲ ਰਹੀ ਹੈ, ਪਰ ਇਹ ਗੱਲ ਠੀਕ ਨਹੀਂ। ਕਾਂਗਰਸ ਅਤੇ ਆਮ ਆਦਮੀ ਪਾਰਟੀ ਜਿਨ੍ਹਾਂ ਹਲਕਿਆਂ ਵਿੱਚ ਆਹਮੋ ਸਾਹਮਣੇ ਭਿੜੀਆਂ ਅਤੇ ਉਨ੍ਹਾਂ ਦੋਵਾਂ ਦੀਆਂ ਵੋਟਾਂ ਮਿਲਾ ਕੇ ਭਾਜਪਾ ਦੇ ਜੇਤੂ ਉਮੀਦਵਾਰ ਨਾਲੋਂ ਵੱਧ ਹਨ, ਉਹ ਮਸਾਂ ਪੈਂਤੀ ਸੀਟਾਂ ਬਣਦੀਆਂ ਹਨ। ਭਾਜਪਾ ਨੂੰ ਇੱਕ ਸੌ ਛਪੰਜਾ ਸੀਟਾਂ ਮਿਲੀਆਂ ਹਨ, ਜੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਮਿਲਾ ਕੇ ਵਧਣ ਵਾਲੀਆਂ ਇਹ ਪੈਂਤੀ ਸੀਟਾਂ ਇੱਕੋ ਜਗ੍ਹਾ ਪੈ ਜਾਂਦੀਆਂ ਤਾਂ ਭਾਜਪਾ ਦੀਆਂ ਜੇਤੂ ਸੀਟਾਂ ਪੈਂਤੀ ਘਟਣੀਆਂ ਸਨ ਤੇ ਫਿਰ ਵੀ ਇੱਕ ਸੌ ਇੱਕੀ ਬਣਨੀਆਂ ਸਨ, ਕਿਸੇ ਵੀ ਹੋਰ ਪਾਰਟੀ ਨੇ ਉਸ ਦੇ ਨੇੜੇ ਨਹੀਂ ਸੀ ਪੁੱਜ ਸਕਣਾ। ਓਥੇ ਭਾਜਪਾ ਦੀ ਪਕੜ ਕਿਸੇ ਨੂੰ ਚੰਗੀ ਲੱਗੇ ਜਾਂ ਨਾ, ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਓਥੇ ਕਈ ਹਲਕਿਆਂ ਵਿੱਚ ਸੱਤਰ ਫੀਸਦੀ ਤੋਂ ਵੱਧ ਵੋਟਾਂ ਭਾਜਪਾ ਦੇ ਉਮੀਦਵਾਰਾਂ ਲਈ ਪਈਆਂ ਹਨ। ਦੋ ਹਲਕਿਆਂ ਵਿੱਚ ਤਾਂ ਕੁੱਲ ਪੋਲ ਹੋਈਆਂ ਵੋਟਾਂ ਦਾ ਇਕਾਸੀ ਤੇ ਬਿਆਸੀ ਫੀਸਦੀ ਹਿੱਸਾ ਵੀ ਭਾਜਪਾ ਦੇ ਉਮੀਦਵਾਰਾਂ ਵੱਲ ਭੁਗਤਿਆ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਫਿਰਕੂ ਕਤਾਰਬੰਦੀ ਉਸ ਰਾਜ ਵਿੱਚ ਚੋਖੀ ਹੈ, ਇਸ ਕਾਰਨ ਹਿੰਦੂਤੱਵ ਦੀ ਲੈਬਾਰਟਰੀ ਕਿਹਾ ਜਾਂਦਾ ਉਹ ਰਾਜ ਇੱਕ ਵਾਰ ਫਿਰ ਭਾਜਪਾ ਨੇ ਜਿੱਤ ਲਿਆ ਹੈ।

## ਜਿੱਤ ਤੇ ਹਾਰ ਤੋਂ ਬਾਅਦ ਹਰ ਪਾਰਟੀ ਨੂੰ ਅੱਗੇ ਵੱਲ ਵੇਖਣ ਦੀ ਫੌਰੀ ਲੋੜ

ਜੋ ਵੀ ਹੋਇਆ ਹੋਵੇ, ਇਹ ਚੋਣਾਂ ਅਤੇ ਇਨ੍ਹਾਂ ਨਾਲ ਜੁੜੀ ਹੋਈ ਜਿੱਤ ਤੇ ਹਾਰ ਅਤੇ ਇਸ ਨਾਲ ਜੁੜੇ ਵਿਸ਼ਲੇਸ਼ਣਾਂ ਦੇ ਨਾਲ ਹਰ ਪਾਰਟੀ ਨੂੰ ਅੱਗੇ ਵੱਲ ਵੇਖਣਾ ਸ਼ੁਰੂ ਕਰਨ ਦੀ ਫੌਰੀ ਲੋੜ ਹੈ। ਵਿਧਾਨ ਸਭਾ ਚੋਣਾਂ ਦਾ ਅਗਲਾ ਦੌਰ ਅਗਲੇ ਸਾਲ ਮਾਰਚ ਮਹੀਨੇ ਵਿੱਚ ਆਉਣਾ ਹੈ ਅਤੇ ਉਨ੍ਹਾਂ ਚੋਣਾਂ ਵਾਲੇ ਰਾਜਾਂ ਵਿੱਚ ਆਮ ਆਦਮੀ ਪਾਰਟੀ ਕਿਸੇ ਲੇਖੇ ਵਿੱਚ ਨਹੀਂ ਜਾਪਦੀ। ਇਸ ਲਈ ਭਾਜਪਾ ਅਤੇ ਇਸ ਦੀ ਕੇਂਦਰ ਸਰਕਾਰ ਨਾਲ ਚੱਲਦਾ ਨਿੱਤ ਦਾ ਆਢਾ ਕੁਝ ਸਮਾਂ ਟਾਲ ਕੇ ਦਿੱਲੀ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਵਿਕਾਸ ਦੇ ਕੰਮ ਕਰਨ ਲਈ ਸਹਿਯੋਗ ਦੀ ਨੀਤੀ ਸੋਚਣੀ ਚਾਹੀਦੀ ਹੈ। ਬੀਤੇ ਸਮੇਂ ਵਿੱਚ ਜਿਸ ਟਕਰਾਅ ਨੇ ਬਹੁਤਾ ਫਾਇਦਾ ਨਹੀਂ ਕੀਤਾ, ਭਵਿੱਖ ਵਿੱਚ ਵੀ ਹਰ ਵੇਲੇ ਉਸੇ ਤਰ੍ਹਾਂ ਆਢਾ ਲਾਉਣ ਦਾ ਕੋਈ ਲਾਭਨਹੀਂ ਹੋਣਾ। ਸਿਆਣੇ ਕਹਿੰਦੇ ਹਨ ਕਿ ਤੁਸੀਂ ਦੋਸਤ ਤਾਂ ਮਰਜ਼ੀ ਦੇ ਚੁਣ ਸਕਦੇ ਹੋ, ਗਵਾਂਢੀ ਕਦੇ ਮਰਜ਼ੀ ਦਾ ਨਹੀਂ ਚੁਣ ਸਕਦੇ, ਜਿਹੜਾ ਮਿਲ ਜਾਂਦਾ ਹੈ, ਚਾਹੁੰਦੇ ਹੋਏ ਜਾਂ ਨਾ ਚਾਹੁੰਦੇ ਹੋਏ ਉਸ ਨਾਲ ਦਿਨ ਕੱਟਣ ਦਾ ਮਾਹੌਲ ਬਣਾਉਣਾ ਪੈਂਦਾ ਹੈ। ਗਵਾਂਢ ਹਰਿਆਣੇ ਦੀ ਭਾਜਪਾ ਸਰਕਾਰ ਜਾਂ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰਹੋਵੇ, ਉਸ ਨੂੰ ਆਮ ਆਦਮੀ ਪਾਰਟੀ ਸੋਚ ਦੇ ਘੋੜੇ ਦੌੜਾ ਕੇ ਨਹੀਂ ਪਛਾੜ ਸਕਦੀ, ਵਿਕਾਸ ਦੇ ਕੰਮਾਂ ਰਾਹੀਂਲੋਕਾਂ ਨਾਲ ਆਪਣੀ ਸਾਂਝ ਪਕੇਰੀ ਕਰ ਕੇ ਆਪਣਾ ਆਧਾਰ ਮਜ਼ਬੂਤ ਕਰਨਾ ਪਵੇਗਾ। ਅਗਲੀਆਂ ਪਾਰਲੀਮੈਂਟ ਚੋਣਾਂ ਹੋਣ ਵਿੱਚ ਮਸਾਂ ਡੇਢ ਸਾਲ ਬਾਕੀ ਰਹਿ ਗਿਆ ਹੈ, ਜੇ ਉਸ ਵੇਲੇ ਭੁਆਂਟਣੀ ਨਹੀਂ ਖਾਣੀ ਤਾਂ ਨਿੱਤ ਦੇ ਕਲੇਸ਼ ਦਾ ਸੁਭਾਅ ਵੀ ਛੱਡਣਾ ਪਵੇਗਾ। ਦਿੱਲੀ ਦੇ ਨਿੱਤ ਦੇ ਕਲੇਸ਼ ਵਿੱਚ ਆਮ ਆਦਮੀ ਪਾਰਟੀ ਦੀ ਸਾਖ ਵਧੀ ਹੋ ਸਕਦੀ ਹੈ, ਇੱਕ ਜਗ੍ਹਾ ਦੀ ਮਿਸਾਲ ਕਿਸੇ ਦੂਸਰੇ ਥਾਂ ਇੰਨ-ਬਿੰਨ ਲਾਗੂ ਨਹੀਂ ਹੋ ਸਕਦੀ। ਹਰ ਰਾਜ ਦੇ ਲੋਕਾਂ ਦਾ ਸੁਭਾਅ ਵੱਖਰਾ ਅਤੇ ਹਾਲਾਤ ਵੱਖਰੇ ਹੁੰਦੇ ਹਨ ਤੇ ਜਿੱਥੇ ਕਿਸੇ ਪਾਰਟੀ ਨੇ ਚੱਲਣਾ-ਵਿਗਸਣਾ ਹੈ, ਓਥੋਂ ਦੇ ਹਾਲਾਤ ਵੇਖ ਕੇ ਓਥੇ ਨਵਾਂ ਤਜਰਬਾ ਕਰਨਾ ਹੁੰਦਾ ਹੈ। ਪੰਜਾਬ ਦੀ ਸਰਕਾਰ ਤੇ ਇਸ ਦੇ ਮੁਖੀ ਨੂੰ ਹਰ ਗੱਲ ਲਈ ਦਿੱਲੀ ਵੱਲ ਵੇਖਣ ਦੀ ਲੋਕ-ਚਰਚਾ ਅਮਲ ਵਿੱਚ ਪਛਾੜਨੀ ਚਾਹੀਦੀ ਹੈ।

## ਅੱਜ ਨਾਮਾ

ਅਮਰਿੰਦਰ ਅੱਜ ਸੀ ਮੋਦੀ ਨੂੰ ਮਿਲਣ ਪੁੱਜਾ,
ਪੰਜਾਬ ਦੀ ਸੁਣੀ ਕੋਈ ਕਰੀ ਵਿਚਾਰ ਭਾਈ।
ਆਖਿਆ ਹੋਊਗਾ ਲਾਈ ਜਾਊ ਗੇਅਰ ਏਦਾਂ,
ਏਸੇ ਤਰ੍ਹਾਂ ਕਰੀ ਜਾਇਉ ਮਾਰੋ ਮਾਰ ਭਾਈ।
ਇੱਕ-ਇੱਕ ਰਾਜ ਸਭ ਜਿੱਤਦੇ ਜਾਉ ਭਾਈ,
ਕੋਈ ਵੀ ਆਕੀ ਨਹੀਂ ਰਹੇ ਸਰਕਾਰ ਭਾਈ।
ਵਿਹਲੇ ਬੈਠਿਆਂ ਲੰਘ ਰਿਹਾ ਵਕਤ ਹੈ ਨਹੀਂ,
ਰਾਜਿਆਂ ਜਿਹਾ ਕੁਝ ਦਿਉ ਅਧਿਕਾਰ ਭਾਈ।
ਪਹਿਲੀ ਕੌੜ ਕੋਈ ਰਹਿੰਦੀ ਹੈ ਦਿਲ ਅੰਦਰ,
ਉਹ ਸਭ ਕੱਢ ਕੇ ਬਾਹਰ ਦਿਉ ਸੁੱਟ ਭਾਈ।
ਯਾਰੀ ਯਾਰਾਂ ਦੀ ਪਰਖ ਲਿਉ ਨਵੇਂ ਸਿਰਿਉਂ,
ਮਿਲਿਆ ਮੌਕਾ ਤਾਂ ਧੂੜਾਂ ਦੇਊਂ ਪੁੱਟ ਭਾਈ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪਰਮਜੀਤ ਵਿਰਕ ਦਾ 'ਨਾ ਤਾਰੇ ਭਰਨ ਹੁੰਗਾਰੇ' ਕਾਵਿ ਸੰਗ੍ਰਹਿ ਕਦਰਾਂ ਕੀਮਤਾਂ ਦਾ ਪ੍ਰਤੀਕ- ਉਜਾਗਰ ਸਿੰਘ ਦੀ ਕਲਮ ਤੋਂ

ਕਵਿਤਾ ਇਨਸਾਨ ਦੀ ਮਾਨਸਿਕਤਾ ਦੇ ਅਨੁਭਵ ਦਾ ਪ੍ਰਗਟਾਵਾ ਹੁੰਦੀ ਹੈ। ਕਵਿਤਾ ਲਿਖਣ ਦੀ ਸਮਰੱਥਾ ਸੂਖਮ ਭਾਵਾਂ ਵਾਲੇ ਵਿਅਕਤੀ ਨੂੰ ਹੀ ਹੁੰਦੀ ਹੈ। ਪਰਮਜੀਤ ਵਿਰਕ ਪੰਜਾਬ ਪੁਲਿਸ ਵਿੱਚੋਂ ਅਧਿਕਾਰੀ ਸੇਵਾ ਮੁਕਤ ਹੋਇਆ ਹੈ ਪਰੰਤੂ ਉਸਦਾ 'ਨਾ ਤਾਰੇ ਭਰਨ ਹੁੰਗਾਰੇ' ਪਲੇਠਾ ਕਾਵਿ ਸੰਗ੍ਰਹਿ, ਉਸ ਨੇ ਪੁਲਿਸ ਦੀ ਨੌਕਰੀ ਦੌਰਾਨ ਹੀ ਪ੍ਰਕਾਸ਼ਤ ਕੀਤਾ ਸੀ। ਅਚੰਭੇ ਦੀ ਗੱਲ ਹੈ ਕਿ ਇਨ੍ਹਾਂ ਕਵਿਤਾਵਾਂ ਦਾ ਪ੍ਰਭਾਵ ਪੰਜਾਬ ਪੁਲਿਸ ਅਤੇ ਭਲਮਾਨੀ ਦੇ ਮੁਹਾਂਦਰੇ ਤੋਂ ਬਿਲਕੁਲ ਉਲਟ ਇਕ ਸੰਜੀਦਾ ਅਤੇ ਸੰਵੇਦਨਸ਼ੀਲ ਵਿਅਕਤੀ ਵਲੋਂ ਲਿਖੀਆਂ ਗਈਆਂ ਲਗਦੀਆਂ ਹਨ। ਉਨ੍ਹਾਂ ਨੇ ਇਸ ਕਾਵਿ ਸੰਗ੍ਰਹਿ ਵਿੱਚ 40 ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਕਵੀ ਦੀ ਮਾਨਵਵਾਦੀ ਅਤੇ ਰੁਮਾਂਸਵਾਦੀ ਸੋਚ ਦਾ ਪ੍ਰਗਟਾਵਾ ਕਰਦੀਆਂ ਹਨ। ਸਮਾਜਿਕ ਤਾਣੇ ਬਾਣੇ ਵਿੱਚ ਜੋ ਕੁਝ ਵਾਪਰ ਰਿਹਾ ਹੈ, ਸ਼ਾਇਰ ਨੇ ਉਸ ਨੂੰ ਆਪਣੀਆਂ ਕਵਿਤਾਵਾਂ ਦਾ ਨਿਧੜਕ ਹੋ ਕੇ ਵਿਸ਼ਾ ਬਣਾਇਆ ਹੈ। ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਕੁਦਰਤ ਨਾਲ ਖਿਲਵਾੜ, ਨਸ਼ੇ, ਆਧੁਨਿਕਤਾ ਦੇ ਨੁਕਸਾਨ, ਵਿਰਾਸਤ ਨਾਲੋਂ ਟੁੱਟਣਾ, ਇਨਸਾਨ ਦੀ ਬੇਪ੍ਰਵਾਹੀ, ਪਰਵਾਸ ਦਾ ਸੰਤਾਪ, ਦਾਜ, ਭਰੂਣ ਹੱਤਿਆ ਅਤੇ ਭਰਿਸ਼ਟਾਚਾਰ ਆਦਿ ਵਰਣਨਯੋਗ ਹਨ। ਇਹ ਵਿਸ਼ੇ ਉਨ੍ਹਾਂ ਦੀਆਂ ਬਹੁਤੀਆਂ ਕਵਿਤਾਵਾਂ ਵਿੱਚ ਕਈ ਵਾਰ ਆਉਂਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਕਵੀ ਸਮਾਜਿਕ ਕੁਰੀਤੀਆਂ ਬਾਰੇ ਕਾਫੀ ਚਿੰਤਾਜਨਕ ਹੈ। ਉਸ ਦੀਆਂ ਕਵਿਤਾਵਾਂ ਬਹੁਤ ਹੀ ਸੰਵੇਦਨਸ਼ੀਲ ਹਨ। ਸਮਾਜਿਕ ਕੁਰੀਤੀਆਂ ਕਵੀ ਦੀ ਮਾਨਸਿਕਤਾ ਨੂੰ ਝੰਜੋੜਦੀਆਂ ਰਹਿੰਦੀਆਂ ਹਨ ਜਦੋਂ ਉਹ ਲਿਖਦਾ ਹੈ-

ਵਿੱਚ ਲਿਫਾਫੇ ਬੰਦ ਕਰ ਮਾਇਆ, ਸੇਵਾ ਆਖ ਫੜਾ ਆਇਆ ਕਰ।


ਵਿਸਕੀ, ਦੁੱਧ, ਸਿਲੰਡਰ, ਸੌਦਾ, ਅਫ਼ਸਰ ਘਰ ਪਹੁੰਚਾ ਆਇਆ ਕਰ।
ਹਫ਼ਤੇ ਪਿੱਛੋਂ ਠਾਕੁਰ ਦੁਆਰੇ, ਜਾ ਕੇ ਭੁੱਲ ਬਖ਼ਸ਼ਾ ਆਇਆ ਕਰ।

ਪਰਮਜੀਤ ਵਿਰਕ ਦੀ ਇਸ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ 'ਨਾ ਤਾਰੇ ਭਰਨ ਹੁੰਗਾਰੇ' ਪਾਠਕ ਦੇ ਦਿਲ ਨੂੰ ਝੰਜੋੜਦੀ ਹੈ, ਜਦੋਂ ਉਹ ਆਧੁਨਿਕਤਾ ਦੇ ਪ੍ਰਭਾਵਾਂ ਦਾ ਇਨਸਾਨ ਦੇ ਜੀਵਨ 'ਤੇ ਪੈ ਰਹੇ ਬੁਰੇ ਪ੍ਰਭਾਵਾਂ ਦਾ ਜ਼ਿਕਰ ਕਰਦਾ ਹੋਇਆ, ਪੰਜਾਬੀ ਵਿਰਾਸਤ ਨਾਲੋਂ ਟੁੱਟ ਰਹੇ ਲੋਕਾਂ ਦੀ ਤ੍ਰਾਸਦੀ ਦੀ ਬਾਤ ਪਾਉਂਦਾ ਹੈ। ਇਥੇ ਹੀ ਬਸ ਨਹੀਂ ਇਕੋ ਕਵਿਤਾ ਵਿੱਚ ਅਨੇਕ ਵਿਸ਼ੇ ਛੋਂਹਦਾ ਹੋਇਆ ਆਪਸੀ ਰਿਸ਼ਤਿਆਂ ਦੀ ਅਣਹੋਂਦ, ਨੌਜਵਾਨਾ ਦਾ ਪ੍ਰਵਾਸ ਨੂੰ ਭੱਜਣਾ, ਨਸ਼ਿਆਂ ਦੀ ਭਰਮਾਰ, ਖੇਡਾਂ ਤੋਂ ਕਿਨਾਰਾਕਸ਼ੀ ਅਤੇ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਜ਼ਿਕਰ ਕਰਦੀ ਹੈ। 'ਪਾਣੀ' ਦੇ ਸਿਰਲੇਖ ਵਾਲੀ ਕਵਿਤਾ ਜ਼ਮੀਨ ਵਿੱਚੋਂ ਸੁੱਕ ਰਹੇ ਪਾਣੀ ਦੇ ਨੁਕਸਾਨ ਬਾਰੇ ਚਿੰਤਾ ਪ੍ਰਗਟ ਕਰਦਾ ਹੋਇਆ ਪਾਣੀ ਨੂੰ ਬਚਉਣ ਦੀ ਤਾਕੀਦ ਕਰਦਾ ਹੈ। ਇਹ ਵੀ ਕਹਿੰਦਾ ਹੈ ਕਿ ਇਨਸਾਨ ਨਿੱਜੀ ਮੁਫਾਦਾਂ ਲਈ ਪਾਣੀ ਦੀ ਦੁਰਵਰਤੋਂ ਕਰ ਰਿਹਾ ਹੈ। 'ਤਿੜਕਦੇ ਮਨੁੱਖੀ ਰਿਸ਼ਤੇ' ਕਵਿਤਾ ਵਿੱਚ ਪਰਿਵਾਰਾਂ ਵਿੱਚ ਕੁੜਿਤਣ, ਰਿਸ਼ਤਿਆਂ ਨੂੰ ਪੈਸਿਆਂ ਨਾਲ ਮਾਪਣਾ, ਪੈਸੇ ਦਾ ਲਾਲਚ, ਮਾਪਿਆਂ ਦੀ ਅਣਵੇਖੀ, ਜਾਨਵਰਾਂ ਨਾਲ ਪਿਆਰ, ਦਾਜ ਦੀ ਲਾਹਣਤ, ਆਦਿ ਬਾਰੇ ਸੁਚੇਤ ਕੀਤਾ ਗਿਆ ਹੈ। ਇਨਸਾਨ ਜਿਉਂਦਿਆਂ ਦੀ ਕਦਰ ਨਈਂ ਕਰਦਾ ਸਗੋਂ ਮੌਤ ਤੋਂ ਬਾਅਦ ਰਸਮਾ ਕਰਕੇ ਪਖੰਡ ਕਰਦਾ ਹੈ। ਭਾਵ ਇਨਸਾਨ ਮਖੌਟੇ ਪਾਈ ਫਿਰਦਾ ਹੈ।

ਕਵੀ ਲਿਖਦਾ ਹੈ, ਜਿਹੜਾ ਇਨਸਾਨਾਂ ਦੀ ਕਦਰ ਨਹੀਂ ਕਰਦਾ ਉਹ ਰੁੱਖਾਂ ਦੀ ਰੱਖਿਆ ਕਿਵੇਂ ਕਰੇਗਾ? 'ਰੇਲ ਗੱਡੀ ਚੋਂ ਆਉਂਦੀ ਆਵਾਜ਼' ਸਿੰਬਾਲਿਕ ਕਵਿਤਾ ਹੈ। 'ਫੁੱਲ ਦੀ ਤਾਂਘ' ਕਵਿਤਾ ਭਾਈ ਵੀਰ ਦੇ ਅਸਰ ਦੀ ਪ੍ਰਤੀਕ ਹੈ। ਇਨਸਾਨ ਫੁੱਲਾਂ ਦੀ ਖੁਸ਼ਬੋ ਦਾ ਆਨੰਦ ਮਾਨਣ ਦੀ ਥਾਂ ਘਰਾਂ ਦੀ ਸਜਾਵਟ ਲਈ ਫੁੱਲਾਂ ਨੂੰ ਵਰਤਕੇ ਆਪਣੇ ਮਾਨਸਿਕ ਖੋਖਲੇਪਣ ਦਾ ਸਬੂਤ ਦੇ ਰਿਹਾ ਹੈ। 'ਪੰਛੀ ਚਹਿਚਹਾਉਂਦੇ' ਕਵਿਤਾ ਇਨਸਾਨ ਦੀ ਪੈਸੇ ਪਿਛੇ ਭੱਜਣ ਦੀ ਫਿਤਰਤ ਦਾ ਜ਼ਿਕਰ ਹੈ, ਪੈਸੇ ਇਕੱਠੇ ਕਰਦਿਆਂ ਜੀਵਨ ਲੰਘਾ ਦਿੰਦਾ ਹੈ ਪਰੰਤੂ ਕੁਦਰਤ ਦੇ ਕਾਦਰ ਵੱਲੋਂ ਜ਼ਿੰਦਗੀ ਦੇ ਵਡਮੁੱਲੇ ਤੋਹਫ਼ੇ ਦਾ ਆਨੰਦ ਮਾਨਣ ਦੀ ਥਾਂ ਕੀਮਤੀ ਸਮਾਂ ਅਜਾਈਂ ਗੁਆ ਦਿੰਦਾ ਹੈ। ਬਾਅਦ ਵਿੱਚ ਪਛਤਾਉਂਦਾ ਹੈ, ਜਿਸ ਦਾ ਕੋਈ ਲਾਂਭ ਨਹੀਂ ਹੁੰਦਾ। 'ਚੋਰ ਤੇ ਕੁੱਤੀ' ਵੀ ਸਿੰਬਾਲਿਕ ਕਵਿਤਾ ਹੈ, ਜਿਸ ਵਿੱਚ ਪ੍ਰਸ਼ਾਸ਼ਨ ਅਤੇ ਰਾਜਨੀਤੀਵਾਨਾ ਦੇ ਮਿਲਕੇ ਲੋਕਾਂ ਨੂੰ ਲੁੱਟਣ ਦਾ ਸੰਕੇਤ ਹੈ। 'ਕੀਮਤੀ ਗੱਲਾਂ' ਕਵਿਤਾ ਵਿੱਚ ਵੀ ਕਈ ਮਹੱਤਵਪੂਰਨ ਵਿਸ਼ੇ ਜਿਵੇਂ ਵੱਧਦੀ ਆਬਾਦੀ, ਅਨਪੜ੍ਹਤਾ, ਨਸ਼ੇ, ਦਾਜ-ਦਹੇਜ, ਛੂਤ-ਛਾਤ, ਵਹਿਮ-ਭਰਮ, ਜਾਤ-ਪਾਤ ਅਤੇ ਸੰਪਰਦਾਇਕ ਦੰਗੇ ਆਦਿ ਦੇ ਨੁਕਸਾਨ ਦਾ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ 'ਕੁਦਰਤ ਨਾਲ ਖਿਲਵਾੜ' ਕਵਿਤਾ ਵਿੱਚ ਰੁੱਖਾਂ ਦਾ ਕੱਟਣਾ, ਹਵਾ ਦਾ ਪ੍ਰਦੂਸ਼ਣ, ਧਾਰਮਿਕ ਅੰਧ ਵਿਸ਼ਵਾਸ਼, ਅਤੇ ਲੜਕਿਆਂ ਦੀ ਚਾਹਤ ਵਰਗੀਆਂ ਸਮਾਜਿਕ ਬੀਮਾਰੀਆਂ ਦੇ ਪ੍ਰਭਾਵਾਂ ਤੋਂ ਚੇਤੰਨ ਕੀਤਾ ਗਿਆ ਹੈ। 'ਬੁਢਾਪੇ ਦੇ ਵਾਰ, ਜ਼ਿੰਦਗੀ ਦੇ ਸਫਰ, 'ਹੋ ਜਾਓ ਗੋਲ ਪਿਆਰੇ' ਚਾਪਲੂਸੀ ਦੇ ਲਾਭ ਅਤੇ ਸਚਾਈ ਦੀ ਜਿੱਤ ਬਾਰੇ ਦੱਸਿਆ ਗਿਆ ਹੈ। 'ਕਿਉਂ ਬੁੱਧੂ ਐਨੇ ਰੱਬ ਜੀ' ਕਵਿਤਾ ਵਿੱਚ ਦੇਸ਼ ਦੇ ਨਾਗਰਿਕਾਂ ਦੀ ਸਫਾਈ, ਨਿਯਮਾ ਦੀ ਉਲੰਘਣਾ, ਰਾਜਨੀਤਕਾਂ ਲੋਕਾਂ ਵਿੱਚ ਨਿਘਾਰ, ਸਾਧਾਂ, ਪਾਖੰਡੀਆਂ, ਪਹਿਰਾਵੇ ਵਿੱਚ ਪੱਛਮ ਦੀ ਨਕਲ, ਧਾਰਮਿਕ ਜਨੂੰਨ ਅਤੇ ਕਤਲੋਗਾਰਤ ਦੇ ਕਾਰਨਾ ਲਈ ਸਵਾਲ ਕੀਤਾ ਗਿਆ ਹੈ? ਅਸਿਧੇ ਤੌਰ 'ਤੇ ਲੋਕਾਂ ਦੀ ਘਟੀਆ ਜ਼ਹਿਨੀਅਤ ਦਾ ਪਰਦਾ ਫਾਸ਼ ਕੀਤਾ ਗਿਆ ਹੈ। 'ਨਾਰੀ ਦੀ ਆਵਾਜ਼' ਇਸਤਰੀ ਨੂੰ ਮਰਦ ਪ੍ਰਧਾਨ ਸਮਾਜ ਵੱਲੋਂ ਬਰਾਬਰਤਾ ਦੇ ਅਧਿਕਾਰ ਨਾ ਦੇਣ ਦੀ ਤ੍ਰਾਸਦੀ ਦਾ ਵਰਨਨ ਕੀਤਾ ਗਿਆ ਹਾਲਾਂ ਕਿ ਇਸਤਰੀਆਂ ਮਰਦ ਨਾਲੋਂ ਹਰ ਖੇਤਰ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ। 'ਲਹੂ-ਲੁਹਾਨ ਮਨੁੱਖਤਾ ਕੀਤੀ' ਧਰਮ ਦੇ ਠੇਕੇਦਾਰਾਂ, ਪੰਜਾਬ ਅਤੇ ਦਿੱਲੀ ਵਿੱਚ ਹੋਏ ਕਤਲੋਗਾਰਤ ਦੇਸ਼ ਵਿਰੋਧੀ ਅਨਸਰਾਂ ਦੀ ਸ਼ਾਜਸ਼ ਦਾ ਨਤੀਜਾ ਹਨ। 'ਕਲਜੁਗ ਆ ਗਿਆ' ਪੱਛਵੀਂ ਸਭਿਅਚਾਰ ਦੇ ਪ੍ਰਭਾਵਾਂ ਦੇ ਬੁਰੇ ਨਤੀਜਿਆ ਕਰਕੇ ਨੌਜਵਾਨੀ ਇਸ਼ਕ ਮੁਸ਼ਕ ਦੇ ਚਕਰਾਂ ਵਿੱਚ ਪੈ ਕੇ ਗ਼ਲਤ ਰਸਤੇ ਪੈ ਗਈ ਹੈ।

ਅਮੀਰ ਲੋਕ ਆਧੁਨਿਕਤਾ ਦੇ ਨਾਮ ਹੇਠ ਗ਼ਰੀਬਾਂ ਦੇ ਘਰ ਢਾਹ ਕੇ ਮਹਿਲ ਉਸਾਰਕੇ ਨਾਲ ਜ਼ਿਆਦਤੀਆਂ ਕਰ ਰਹੇ ਹਨ। 'ਰੋਕ ਸਕੇਂ ਤਾਂ ਰੋਕ ਲੈ' ਕਵਿਤਾ ਵਰਤਮਾਨ ਪ੍ਰਸ਼ਾਸ਼ਨ ਨੂੰ ਵੰਗਾਰ ਹੈ ਕਿ ਜ਼ੋਰ ਜ਼ਰਦਸਤੀ ਵਾਲੇ ਲੋਕ ਅਸਿਧੇ ਢੰਗ ਵਰਤਕੇ ਲੋਕਾਂ ਨੂੰ ਮਿੱਧ ਕੇ ਪੈਸੇ ਇਕੱਠੇ ਕਰ ਰਹੇ ਹਨ, ਇਨ੍ਹਾਂ ਨੂੰ ਰੋਕਣ ਦਾ ਹੌਸਲਾ ਕਰੋ। 'ਆਉ ਸੀਸ ਝੁਕਾਈਏ ਲੋਕੋ' ਕਵਿਤਾ ਦੇਸ਼ ਦੀ ਆਜ਼ਾਦੀ ਵਿੱਚ ਜਾਨਾ ਦੀ ਆਹੂਤੀ ਦੇਣ ਵਾਲੇ ਸ਼ਹੀਦਾਂ ਨੂੰ ਪ੍ਰਣਾਮ ਹੈ। 'ਅੰਬਰ ਅੱਥਰੂ ਕੇਰੇ ਸੀ' ਅਤੇ 'ਨੀ ਅੰਮੀਏਂ ਅੱਜ ਜਾ ਕੇ ਮੌਤ ਨਾਲ' ਕਰਤਾਰ ਸਿੰਘ ਸਰਾਭੇ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਦੀ ਗਾਥਾ ਹੈ, ਜਿਸ ਵਿੱਚ ਉਹ ਜੱਜ ਨੂੰ ਵੰਗਾਰਦਾ ਹੋਇਆ ਆਪਣੀ ਮਾਂ ਨੂੰ ਹੌਸਲਾ ਰੱਖਣ ਦੀ ਪ੍ਰੇਰਨਾ ਦਿੰਦਾ ਹੈ। 'ਸ਼ਹੀਦ ਭਗਤ ਸਿੰਘ ਨੂੰ ਬਲਾਵਾ' ਕਵਿਤਾ ਵਿੱਚ ਦੇਸ਼ ਦੀ ਵੰਡ ਦਾ ਸੰਤਾਪ, ਲੁੱਟ ਘਸੁੱਟ ਦਾ ਬੋਲ ਬਾਲਾ, ਕਰਜ਼ੇ, ਆਤਮ ਹੱਤਿਆਵਾਂ, ਪਖੰਡੀਆਂ, ਸਰਕਾਰਾਂ ਦੀ ਬੇਰੁਖੀ, ਅਤੇ ਇਨਸਾਫ ਦੇ ਵਿਕਣ ਦੀ ਤ੍ਰਾਸਦੀ ਦਾ ਪ੍ਰਗਟਾਵਾ ਹੈ। 'ਕਿਸਮਤ ਦਾ ਨਹੀਂ ਕਸੂਰ' ਕਵਿਤਾ ਵਿੱਚ ਕਿਸਾਨਾ ਨੂੰ ਹੌਸਲਾ ਰੱਖਣ ਦੀ ਪ੍ਰੇਰਨਾ ਦਿੰਦਾ ਹੋਇਆ ਸੋਚ ਸਮਝ ਕੇ ਵੋਟ ਦੀ ਵਰਤੋਂ ਕਰਨ ਲਈ ਜਾਗ੍ਰਤ ਕਰਦੀ ਹੈ। 'ਕਿਹੜੀ ਨਵੀਂ ਪੜ੍ਹਾਈ' ਦੇ ਸਿਰਲੇਖ ਵਾਲੀ ਕਵਿਤਾ ਆਧੁਨਿਕ ਸਹੂਲਤਾਂ ਦੇ ਲਾਭ ਦੀ ਥਾਂ ਨੁਕਸਾਨ ਜ਼ਿਆਦਾ ਹੋਣ ਬਾਰੇ ਦੱਸਿਆ ਗਿਆ ਹੈ।

ਕਿਸਾਨ ਨੂੰ ਮਿਹਨਤ ਕਰਨ ਲਈ ਪ੍ਰੇਰਿਆ ਗਿਆ ਹੈ। 'ਜਦੋਂ ਅਕਲ 'ਤੇ ਪਰਦਾ ਪੈ ਜਾਂਦਾ' ਵਿੱਚ ਮਾਨਸਿਕ ਭਟਕਣਾ ਕਰਕੇ ਇਨਸਾਨ ਕੁਰਾਹੇ ਪੈ ਕੇ ਗ਼ਲਤ ਕੰਮ ਕਰਦਾ ਹੈ। 'ਧੀ ਜੰਮੀ ਤੇ ਇਉਂ ਸੋਗ' ਕਵਿਤਾ ਵਿੱਚ ਲੜਕੀ ਦੇ ਜੰਮਣ ਨੂੰ ਬੁਰਾ ਮਨਾਉਣ ਵਾਲਿਆਂ ਨੂੰ ਲੜਕੀਆਂ ਨੂੰ ਪੜ੍ਹਾਈ ਕਰਵਾਉਣ ਤੇ ਜ਼ੋਰ ਦਿੱਤਾ ਗਿਆ ਹੈ ਤਾਂ ਜੋ ਉਹ ਮਰਦਾਂ ਦੇ ਮੁਕਾਬਲੇ ਅੱਗੇ ਲੰਘ ਰਹੀਆਂ ਲੜਕੀਆਂ ਦੀ ਤਰ੍ਹਾਂ ਸਫਲਤਾ ਪ੍ਰਾਪਤ ਕਰ ਸਕੇ। ਲੜਕੀ ਸਰਾਪ ਨਹੀਂ ਹੁੰਦੀ। 'ਆਟੇ ਦੀ ਪਰਾਤ' ਕਵਿਤਾ ਆਲਸੀ ਲੋਕਾਂ ਦੀ ਜ਼ਿੰਦਗੀ ਦਾ ਪੱਖ ਉਜਾਗਰ ਕਰਦੀ ਹੈ। 'ਸ਼ਰਾਬ' ਅਤੇ ਨਸ਼ਿਆਂ ਤੇ ਗੰਦਿਆਂ ਗੀਤਾਂ ਵਾਲੀਆਂ ਕਵਿਤਾਵਾਂ ਸਮਾਜਿਕ ਬੁਰਾਈਆਂ ਤੋਂ ਖਹਿੜਾ ਛੁਡਾਉਣ ਦੀ ਤਾਕੀਦ ਕਰਦੀਆਂ ਹਨ। 'ਨਿੱਕੀ ਨਿੱਕੀ ਗੱਲ ਪਿੱਛੇ' ਕਵਿਤਾ ਵਿੱਚ ਏਕੇ ਵਿੱਚ





ਬਰਕਤ, ਮਿੱਠੀ ਬੋਲੀ ਅਤੇ ਇਕ ਦੂਜੇ ਦਾ ਸਤਿਕਾਰ ਕਰਨ ਦੀ ਮਹੱਤਤਾ ਦੱਸੀ ਗਈ ਹੈ। ਦੁੱਖ-ਸੁੱਖ ਦੋਵੇਂ ਜ਼ਿੰਦਗੀ ਦਾ ਹਿੱਸਾ ਹਨ, ਇਨ੍ਹਾਂ ਨੂੰ ਪ੍ਰਵਾਨ ਕਰਨਾ ਚਾਹੀਦਾ। 'ਕੁੜੀ ਤੇ ਚਿੜੀ' ਵੀ ਸਿੰਬਾਲਿਕ ਕਵਿਤਾ ਹੈ। 'ਕੁਝ ਸਚਾਈਆਂ' ਅਤੇ ਕਾਵਿ ਸੰਗ੍ਰਹਿ ਦੀ ਆਖਰੀ ਕਵਿਤਾ 'ਮਾਡਰਨ ਜਮਦੂਤ' ਵਰਤਮਾਨ ਹਾਲਾਤ ਦਾ ਪ੍ਰਗਟਾਵਾ ਕਰਦੀਆਂ ਹਨ, ਜਿਨ੍ਹਾਂ ਵਿੱਚ ਸਮਾਜਿਕ ਕਦਰਾਂ ਕੀਤਾਂ ਦੇ ਹੋ ਰਹੇ ਘਾਣ ਦੀ ਤਸਵੀਰ ਪੇਸ਼ ਕੀਤੀ ਗਈ ਹੈ।

ਮਾਨਵਵਾਦੀ ਕਵਿਤਾਵਾਂ ਤੋਂ ਇਲਾਵਾ 9 ਗੀਤ ਅਤੇ ਕਵਿਤਾਵਾਂ ਰੁਮਾਂਸਵਾਦ ਨਾਲ ਸੰਬੰਧਤ ਹਨ, ਜੋ ਪੰਜਾਬੀ ਸਭਿਅਚਾਰ ਦਾ ਪ੍ਰਗਟਾਵਾ ਵੀ ਕਰਦੀਆਂ ਹਨ। 'ਪ੍ਰਦੇਸ ਵਸੇਂਦੇ ਮਾਹੀ ਨੂੰ' ਕਵਿਤਾ ਵਿੱਚ ਵੀ ਪਿਛੇ ਰਹਿ ਗਏ ਪਰਿਵਾਰ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪਤਨੀ ਆਪਣੇ ਪਤੀ ਦੀ ਉਡੀਕ ਵਿੱਚ ਪਿਆਰ ਮੁਹੱਬਤ ਦੀ ਤਾਂਘ ਰੱਖਦੀ ਹੈ। 'ਤੇਰੇ ਬਿਨਾਂ ਗਿੱਧਾ ਭਾਬੀ ਨਹੀਉਂ ਜੱਚਣਾ' ਪੰਜਾਬੀ ਸਭਿਆਚਾਰ ਦੀ ਪ੍ਰਤੀਕ ਕਵਿਤਾ ਹੈ। 'ਮੇਲੇ 'ਚ ਸੋਹਣਾ ਗੁੰਮ ਹੋ ਗਿਆ' ਰੁਮਾਂਟਿਕ ਗੀਤ ਹੈ ਜੋ ਪਿਆਰਿਆਂ ਦੀਆਂ ਭਾਵਨਾਵਾਂ ਦਰਸਾਉਂਦਾ ਹੈ। 'ਚਿੱਠੀ ਸੱਜਣਾ ਦੀ', ਉਡੀਕ, ਲੋਹੜੀ ਵਾਲੇ ਦਿਨ, ਯਾਦ ਸੱਜਣ ਦੀ ਅਤੇ ਮਾਡਰਨ ਮਿਰਜ਼ਾ ਕਵਿਤਾਵਾਂ ਵਿੱਚ ਮੁਹੱਬਤ ਦੀਆਂ ਬਾਤਾਂ ਪਾਈਆਂ ਹੋਈਆਂ ਹਨ। ਭਵਿਖ ਵਿੱਚ ਪਰਮਜੀਤ ਵਿਰਕ ਤੋਂ ਹੋਰ ਸਮਾਜਿਕ ਸਰੋਕਾਰਾਂ ਅਤੇ ਮਾਨਵਾਦੀ ਕਵਿਤਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

95 ਪੰਨਿਆਂ,120 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ ਹੈ।

# ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥ ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੁਟਸਿ ਨੇਹ ॥



ਕਰਨੈਲ ਸਿੰਘ ਟੋਰਾਂਟੋ
416-746-7642

ੴ ਸਤਿਗੁਰ ਪ੍ਰਸਾਦਿ॥
(ਗੁਰਬਾਣੀ ਵੀਚਾਰ)

ਤਥਾ: ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ॥
ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੁਟਸਿ ਨੇਹੁ॥

ਅਰਥ: ਹੇ ਪਿਆਰੇ=ਕਲਮ ਦਵਾਤ ਕੀ ਮੰਗਾਉਣੀ ਹੈ, ਗੁਰਉਪਦੇਸ਼, ਗੁਮੰਤ੍ਰ ਨੂੰ ਹਿਰਦੇ ਵਿਚ ਲਿਖ ਲੈ। ਵਾਹਿਗੁਰੂ ਵਾਹਿਗੁਰੂ ਬੋਲਕੇ ਸਦਾ ਹੀ ਮਾਲਕ ਦੇ ਰੰਗਾਂ ਵਿਚ ਰੰਗਿਆ ਰਹਿਗਾ, ਕਦੇ ਵੀ ਤੇਰਾ ਪਰਮੇਸ਼ਰ ਤੋਂ ਪ੍ਰੇਮ ਨਹੀਂ ਟੁਟੇਗਾ।

ਤਥਾ: ਕਲਉ ਮਸਾਜਨੀਂ ਜਾਇਸੀ ਲਿਖਿਆ ਭੀ ਨਾਲੇ ਜਾਇ॥
ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ॥ ਮ: ੩॥
(ਪੰਨਾ ੮੪)

ਅਰਥ: ਕਲਮ ਦਵਾਤ ਨੇਂ ਤਾਂ ਚਲਿਆ ਜਾਣਾਂ, ਇਕ ਦਿਨ ਨਾਸ ਹੋ ਜਾਣਾਂ॥ ਲਿਖਿਆ ਹੋਇਆ ਕਾਗਜ਼ ਵੀ ਨਾਸ ਹੋ ਜਾਣਾਂ, ਪ੍ਰਮਾਤਮਾਂ ਦੀ ਪ੍ਰੀਤੀ ਨਾਸ ਨਹੀਂ ਹੋਵੇਗੀ, ਜੋ ਪ੍ਰੀਤੀ ਸਚੇ ਪ੍ਰਭੂ ਨੇਂ ਧੁਰ ਦਰਗਾ ਤੋਂ ਹੀ ਪਾ ਛੱਡੀ ਹੈ। ਪੂਰਨ ਮਹਾਤਮਾਂ ਗੁਰਾਂ ਦੁਆਰਾ ਮਿਲਆ ਨਾਮ ਧੁਰੋਂ ਲਿਖਿਆ ਹੈ।

ਤਥਾ: ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ॥
ਸਤਿਗੁਰ ਸਚੁ ਦ੍ਰਿੜਾਇਆ ਸਚ ਰਹਹੁ ਲਿਵ ਲਾਇ॥ ਮ: ੩॥
(ਪੰਨਾ ੮੪)

ਅਰਥ: ਜੋ ਕੁਝ ਸੰਸਾਰ ਵਿਚ ਦੇਖਣ ਵਿਚ ਆਉਂਦਾ ਹੈ, ਇਹ ਅੰਤਿ ਸਮੇਂ ਨਾਲ ਨਹੀਂ ਜਾਵੇਗਾ, ਅੰਤਿ ਸਮੇਂ ਨਾਮੁ ਨਾਲ ਜਾਂਦਾ ਹੈ, ਦੇਖਣ ਵਿਚ ਨਹੀਂ ਆਉਂਦਾ, ਬੋਲ ਕੇ ਗੁਰੂ ਸੁਣਾਂਦਾ ਹੈ, ਇਹ ਇਕ ਆਵਾਜ਼ ਹੈ।

ਤਥਾ: ਹੋਰੁ ਕੂੜੁ ਪੜਣਾ ਕੂੜੁ ਬੋਲਣ ਮਾਇਆ ਨਾਲਿ ਪਿਆਰੁ॥
ਨਾਨਕ ਵਿਣੁ ਨਾਵੈ ਕੋ ਥਿਰੁ ਨਹੀਂ ਪੜਿ ਪੜਿ ਹੋਇ ਖੁਆਰੁ॥ ਸਲੋਕ ਮ: ੩॥
(ਪੰਨਾ ੮੪)

ਅਰਥ: ਨਾਮ ਤੋਂ ਬਿਨਾਂ ਪੜ੍ਹਣਾ ਅਤੇ ਬੋਲਣਾ ਝੂਠਾ ਹੈ, ਪੜ੍ਹਣਾ, ਕਥਾ ਵਾਰਤਾ ਸਭ ਕਰਮ ਧਰਮ ਮਾਇਆ ਦੇ ਪਿਆਰ ਵਿਚ ਹੋ ਰਿਹਾ ਹੈ, ਸਭ ਕੁੱਝ। ਨਾਮ ਤੋਂ ਬਿਨਾਂ ਕੁਝ ਨਹੀਂ ਜਾਇਗਾ ਪ੍ਰਲੋਕ ਵਿਚ। ਦਵੈਤ ਸਬੰਧੀ ਗ੍ਰੰਥਾਂ ਨੂੰ ਪੜ੍ਹਕੇ ਖੁਆਰ ਹੁੰਦੇ ਹਨ, ਭਾਵ ਜਮਦੇ ਮਰਦੇ ਰਹਿੰਦੇ ਹਨ। ਨਾਮ ਜਪਣ ਵਾਲਾ ਪਰਲੋਕ ਸ਼ਉਖਾ ਜਾਂਦਾ ਹੈ, ਨਾਮ ਤੋਂ ਖਾਲੀ ਸਭ ਰੋਂਦੇ ਜਾਂਦੇ ਹਨ।

ਤਥਾ: ਕਲਮ ਜਲਉ ਸਣੁ ਮਸਵਾਣੀਐ ਕਾਗਦ ਭੀ ਜਲਿ ਜਾਉ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥ ਸਲੋਕ ਮ: ੩॥
(ਪੰਨਾ ੮੪)

ਅਰਥ: ਕਲਮ ਦਵਾਤ ਦੇ ਸਹਿਤ ਸੜ ਜਾਵੇ ਅਤੇ ਕਾਗਜ਼ ਵੀ ਸੜ ਜਾਵੇ। ਲਿਖਾਰੀ ਲਿਖਣ ਵਾਲਾ ਭੀ ਸੜ ਬਲ ਜਾਵੇ, ਜਿਸਨੇਂ ਦੂਜਾ ਭਾਉ=ਮਾਇਆ ਕਮਉਣ ਦੇ ਲਾਲਚ ਵਿਚ ਗੁਰੂ ਕੇ ਸਿਧਾਂਤ ਤੋਂ ਉਲਟ ਲਿਖਿਆ ਹੈ।

ਅਰਥ: ਉਹ ਕਾਗਦ ਭੀ ਧੰਨ ਹੈ, ਕਲਮ ਭੀ ਧੰਨ ਹੈ, ਦਵਾਤ ਅਤੇ ਸਿਆਹੀ ਭੀ ਧੰਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:- ਉਹ ਲਿਖਾਰੀ ਭੀ ਧੰਨ ਹੇ। ਜਿਸਨੇ ਸੱਚਾ ਨਾਮ ਲਿਖਿਆ ਹੈ ਅਤੇ ਸਿੱਖ ਸੰਗਤਾਂ ਵਿਚ ਆਪਣੀਂ ਲਿਖਤ ਦੁਆਰਾ ਪ੍ਰਚਾਰ ਕੀਤਾ ਹੈ, ਨਾਮ ਜੱਪਣ ਲਈ।

ਤਥਾ: ਧੰਨ ਸੁ ਕਾਗਦੁ ਕਲਮ ਧੰਨੁ ਧੰਨੁ ਭਾਂਡਾ ਧੰਨੁ ਮਸੁ॥
ਧੰਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥੧॥
(ਪੰਨਾ ੧੨੯੧)

ਜੋ ਦੀਸੈ ਸੋ ਸੰਗਿ ਨ ਗਇਓ॥ ਸਾਕਤੁ ਮੂੜੁ ਲਗੇ ਪਚਿ ਮੁਇਓ॥੨॥
ਮੋਹਨ ਨਾਮੁ ਸਦਾ ਰਵਿ ਰਹਿਓ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥੩॥
(ਪੰਨਾ ੨੪੧)

ਅਰਥ: ਜੋ ਕੁਝ ਦੇਖਣ ਵਿਚ ਆਉਂਦਾ ਹੈ, ਇਹ ਜਦੋਂ ਜਮਾਂ ਦਾ ਬੱਦਾ ਜੀਵ ਜਾਂਦਾ ਹੈ। ਇਹ ਨਾਲ ਨਹੀਂ ਜਾਂਦਾ, ਸਾਕਤ=ਮੂਰਖ ਪੁਰਸ਼ ਝੂਠੇ ਧੰਧੇ ਜਿਹੜੇ ਨਾਲ ਨਹੀਂ ਜਾਂਦੇ ਇਹਨ੍ਹਾਂ ਵਿਚ ਦਿਨਰਾਤ ਖੱਪ ਖੱਪ ਕੇ ਮਰ ਜਾਂਦਾ ਹੈ, ਨਾਮੁ ਨਹੀਂ ਜਪਦਾ। ਮੋਹਨ=ਪਰਮਾਤਮਾਂ ਦਾ ਨਾਮ ਸਾਰੇ ਜਗਤ ਵਿਚ ਰਵ ਰਿਹਾ ਹੈ ਭਾਵ ਮਿਲਦਾ ਹੈ। ਉਸਦਾ ਨਾਮ ਕੋਟ ਮਧੇ=ਕਰੋੜਾਂ ਵਿਚੋਂ ਕੋਈ ਵਿਰਲਾ ਗੁਰੂ ਧਾਰਨ ਕਰਕੇ ਗੁਰੂ ਦੁਆਰਾ ਨਾਮ ਲੈ ਕੇ ਜਪਦਾ ਹੈ, ਮੱਥਾ ਰੋਜ਼ ਟੇਕੀ ਜਾਉ ਅਖੰਡ ਪਾਠ ਹਜ਼ਾਰਾਂ ਕਰਵਾ ਲਉ, ਦਾਨ ਪੁੰਨ ਜਿਨ੍ਹਾਂ ਮਰਜ਼ੀ ਕਰ ਲਉ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ:- ਇਨ੍ਹਾਂ ਵਿਚੋਂ ਤੇਰੇ ਨਾਲ ਜਾਕੇ ਤੇਰੀ ਮਦਦ ਨਹੀਂ ਕਰਨੀਂ, ਜੇ ਗੁਰੂ ਗ੍ਰੰਥ ਨੂੰ ਮੰਨਦੇ ਹੋ ਤਾ ਹੁਕਮ ਮੰਨਣਾ ਜਰੂਰੀ ਹੈ।

ਤਥਾ: ਪਲਚਿ ਪਲਚਿ ਸਗਲੀ ਮੁਈ ਝੂਠੇ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
(ਪੰਨਾ ੧੩੪)

ਅਰਥ: ਸਾਰੀ ਸ੍ਰਿਸ਼ਟੀ ਮੋਹ ਕਰਕੇ ਝੂਠੇ ਸਬੰਧੀਆਂ ਅਤੇ ਝੂਠੇ ਧੰਦਿਆਂ ਵਿਚ ਪਲਚਿ ਪਲਚਿ=ਫਸ ਫਸ ਕੇ ਮਰ ਜਾਂਦੀ ਹੈ, ਇਕ ਹਰੀ ਦੇ ਨਾਮੁ ਤੋਂ ਬਿਨਾਂ ਪਰਲੋਕ ਵਿਚ, ਪਾਠ ਪੂਜਾ, ਦਾਨ ਪੁੰਨ ਸਾਰਾ ਜਮਦੂਤ ਖੋਹ ਲੈਂਦੇ ਹਨ, ਗੁਰੂ ਜੀ ਕਹਿ ਰਹੇ ਹਨ, ਨਾਮ ਕਰੋੜਾਂ ਚੋਂ ਕੋਈ ਵਿਰਲਾ ਹੀ ਜਪਦਾ ਹੈ, ਨੋਟ:- ਗੁਰੂ ਗ੍ਰੰਥ ਤੋਂ ਨਾਮ ਪੰਜਾਂ ਪਿਆਰਿਆਂ ਤੋਂ ਮਿਲੇਗਾ।

ਤਥਾ: ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥
(ਪੰਨਾ ੭੪੭)

ਅਰਥ: ਨਾਮੁ ਤੋਂ ਬਿਨਾਂ ਜੋ ਕਰਮ ਧਰਮ ਹਨ: ਗੁਰੂ ਗ੍ਰੰਥ ਸਾਹਿਬ ਇਨ੍ਹਾਂ ਨੂੰ ਪਾਖੰਡ ਵਾਲੇ ਕਹਿੰਦੇ ਹਨ, ਇਨ੍ਹਾਂ ਨੂੰ ਜਮਾਂ ਨੇਂ ਰਸਤੇ ਵਿਚ ਖੋਹ ਲੈਣਾਂ ਹੈ। ਹੇ ਸਿਆਣਿਓ ਪੁਰਖੋ ਕਰਤੇ ਪੁਰਖ ਦਾ ਨਾਮ ਜਮਾਂ ਦੀ ਮਾਰ ਤੋਂ ਛਡਾਉਂਦਾ ਹੈ ਅਤੇ ਚਉਰਾਸੀ ਲਖ ਜੂਨ੍ਹਾਂ ਤੋਂ ਨਾਮ ਜਪਕੇ ਛੁਟਕਾਰਾ ਹੁੰਦਾ ਹੈ।

ਧਾਰਨਾਂ: ਝੱਲੀ ਜਾਣੀ ਨੀਂ ਜਮਾਂ ਦੀ ਤੈਤੋਂ ਮਾਰ ਬੰਦਿਆ ਝੱਲੀ ਜਾਣੀ ਨੀਂ॥੨॥
ਅੰਤਰਾ: ਬਾਣੀਂ ਬਾਬਾ ਜੀ ਦੀ ਰਹੀਐ ਪੁਕਾਰ ਬੰਦਿਆ ਝੱਲੀ ਜਾਣੀਂ ਨੀਂ॥੨॥
ਧਾਰਨਾਂ: ਝੱਲੀ ਜਾਣੀ ਨੀ ਜਮਾਂ ਦੀ ਤੈਤੋਂ ਮਾਰ ਬੰਦਿਆ ਝੱਲੀ ਜਾਣੀਂ ਨੀਂ॥੨॥

ਨੋਟ: ਦਾਸ ਨੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਕੇ ਵਿਚਾਰਕੇ ਆਪਣੇਂ ਪੁਤ੍ਰਾਂ ਨੂੰ ਕਹਿ ਦਿੱਤਾ ਹੈ, ਕੇ ਮੇਰੇ ਸਰੀਰ ਤਿਆਗਣ ਤੋਂ ਬਾਦ ਅਖੰਡ ਪਾਠ ਨਹੀਂ ਕਰਉਣਾਂ। ਗੁਰੂ ਸਾਹਿਬ ਕਹਿੰਦੇ ਹਨ ਪਾਠ ਪੜ੍ਹਨ ਨਾਲ ਮੁਕਤੀ ਨਹੀਂ ਮਿਲਦੀ ਅਤੇ ਆਪਣੀ ਦੂਜੀ ਬੁੱਕ ਵਿਚ ਲਿਖ ਦਿਤਾ ਹੈ। ਤਥਾ ਪਾਠ ਪੜੈ ਨ ਬੂਝਈ ਭੇਖੀ ਭਰਮ ਭੁਲਾਏ ਜੇ ਕਰਿ ਨਾਮ ਨਹੀਂ ਪ੍ਰਾਪਤਿ ਕੀਤਾ ਗੁਰੂ ਧਾਰਨ ਕਰਕੇ, ਪਾਠ ਪੜ੍ਹਦਾ ਹੈ, ਗੁਰੂ ਜੀ ਉਸ ਨਾਮ ਤੋਂ ਹੀਣੇਂ ਨੂੰ ਭੇਖੀ ਬੰਦਾ ਕਹਿੰਦੇ ਹਨ, ਭੇਖਾ ਧਾਰੀ ਹੈ।

ਨੋਟ: ਅਗਰ ਨਾਮ ਜਪਦਾ ਹੈ, ਗੁਰੂ ਵਾਲਾ ਹੈ, ਪਾਠ ਪੜਿਆ ਵੀ ਥਾਏਂ ਪਏਗਾ। ਗੁਰੂ ਕੇ ਸਿੱਖ ਸਭ ਤਿੰਨ ਟੈਮ ਬਾਣੀ ਪੜ੍ਹਦੇ ਹਨ, ਪੜ੍ਹਨੀਂ ਚਾਹੀਦੀ ਹੈ। ਮੈਂ ਰੋਜ਼ ਹੀ ਬਾਣੀ ਪੜ੍ਹਦਾ ਹਾਂ ਅਤੇ ਪਰਚਾਰ ਲਈ ਲਿਖਦਾ ਹਾਂ।

ਤਥਾ: ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥

ਅਰਥ: ਪੁਸਤਕਾਂ ਦੇ ਪਾਠ ਵਿਆਕਰਣ ਦੀ ਰੀਤ ਅਨੁਸਾਰ ਪੜ੍ਹਦਾ ਹੈਂ, ਤਿੰਨ ਟੈਮ ਦੇ ਨਿਤਨੇਮ ਵੀ ਸੰਧਿਆ ਆਦਿਕ ਦੇ ਪੜ੍ਹਦਾ ਹੈਂ। ਹੇ ਪ੍ਰਾਣੀਂ ਗੁਰੂ ਦੇ ਸ਼ਬਦ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਸਿਮਰਨ ਕੀਤੇ ਤੋਂ ਬਿਨ੍ਹਾਂ ਇਹ ਜੀਵ ਕਰਮਾਂ ਧਰਮਾਂ ਦੇ ਜਾਲ ਵਿਚ ਫੱਸਕੇ ਉਲਜ ਕੇ ਮਰ ਜਾਵਗਾ। (ਮਹਲਾ ੩॥ ਪੰਨਾ ੧੧੨੩)

ਤਥਾ: ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥੪॥
(ਆਸਾ ਮਹਲਾ ੩॥ ਪੰਨਾ ੪੩੫)

ਅਰਥ: ਹੇ ਪੰਡਿਤ ਜੀ: ਤੇਰੀ ਮੱਤ ਹਿਰਿ ਲਈ=ਖੋਹ ਲਈ ਹੈ ਪ੍ਰਮਾਤਮਾ ਨੇਂ ਕਿਉਂਕੇ ਤੂੰ ਪ੍ਰਮਾਤਮਾਂ ਨੂੰ ਆਪਣੇ ਅੰਦਰੋਂ ਢੂੰਡਣ ਦੀ ਵਜ਼ਾਏ, ਬੇਦ ਬਾਣੀ ਪੜ੍ਹਕੇ ਮਾਇਆ ਦਾ ਵਪਾਰ ਬਣਾਕੇ ਬੈਠ ਗਿਆ ਹੈ। ਏਕੁ ਸਬਦੁ=ਤੂੰ ਗੁਰਉਪਦੇਸ਼ ਦਾ ਸਿਮਰਨ ਤਾਂ ਕਰਦਾ ਹੀ ਨਹੀਂ, ਹੇ ਪੰਡਿਤ ਤੂੰ ਬਾਰ ਬਾਰ ਜੂਨੀਆਂ ਵਿਚ ਆਵਹਿਗਾ॥

ਤਥਾ: ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥

ਅਰਥ: ਹੇ ਪਾਧਾ ਪਹਿਲਾਂ ਤੇਰੇ ਗਲ ਵਿਚ ਜਮਾਂ ਦਾ ਫਾਹਾ ਪਊਗਾ, ਪਿਛੋਂ ਤੇਰੇ ਚਾਟੜਿਆਂ=ਤੇਰੇ ਪਾਸ ਪੜ੍ਹਨ ਵਾਲਿਆਂ ਨੂੰ ਫਾਹਾ ਪਾਏਗਾ।

ਤਥਾ: ਰਘੁਬੰਸਿ ਤਿਲਕ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥
ਸਤਿ ਗੁਰ ਗੁਰ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥
(ਪੰਨਾ ੧੪੦੨ ਸਵਈਏ ਮਹਲੇ ਚੌਥੇ ਕੇ॥)

ਅਰਥ: ਜਿਸ ਭਗਵਾਨ ਨੇ ਰਾਘਵ ਵੰਸ਼ ਵਿਚ ਰਾਜਾ ਦਸਰਥ ਦੇ ਘਰ ਰਾਮਚੰਦ੍ਰ ਅਵਤਾਰ ਧਾਰਨ ਕੀਤਾ ਸੀ, ਵੱਡੇ ਵੱਡੇ ਰਿਸ਼ੀ ਮੁਨੀ ਤੁਹਾਡੇ ਦਰਸ਼ਨ ਨੂੰ ਚਾਉਂਦੇ ਸਨ। ਉਸੇ ਪਰਮੇਸ਼ਰ ਦੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਆਪ ਹੋ।

ਤਥਾ: ਬਲਿਹਿ ਛਲਨ ਸਬਲ ਮਲਨ ਭਗਿਤ ਫਲਨ ਕਾਨ੍ਹ ਕੁਅਰ॥

ਅਰਥ: ਵਾਵਨ ਅਵਤਾਰ ਧਾਰਕੇ ਬੇਦਾਂ ਦੀ ਬਾਣੀ ਦੀਆਂ ਰਿਚਾਂ ਸਣਾਕੇ, ਬਲਰ-ਾਜੇ ਨੂੰ ਛਲਿਆ ਸੀ। ਦੁਆਪਰ ਜੁਗ ਵਿਖੇ ਕਾਨ ਕ੍ਰਿਸ਼ਨ ਹੋਕੇ ਕੁਅਰ=ਕਮਾਰ ਅਵਸਥਾ ਵਿਖੇ ਗੋਕਲ ਨਗਰੀ ਵਿਖੇ ਕਈ ਤਰਾਂ ਦੀਆਂ ਖੇਡਾਂ ਖੇਡੀਆਂ ਸੀ।

ਤਥਾ: ਨਿਹਕਲੰਕ ਬਜੀ ਡੰਕ ਚੜ੍ਹੂ ਕਲ ਰਵਿੰਦ ਜੀਉ॥ ਸਵੀਏ ਮਹਲੇ ਚੌਥੇ ਕੇ
(ਪੰਨਾ ੧੪੦੩)

ਅਰਥ: ਭੱਟ ਆਪਣੀ ਰਚਨਾਂ ਵਿਚ ਗੁਰੂ ਰਾਮਦਾਸ ਜੀ ਦਾ ਆਉਣਾਂ ਚਾਰਾਂ ਜੁਗਾਂ ਵਿਚ ਕਥਨ ਕਰਦੇ ਹਨ:- ਕਲਜੁਗ ਦੇ ਅਖੀਰ ਤੇ ਆਪ ਨਿਹਕਲੰਕ ਅਵਤਾਰ ਧਾਰਕੇ ਆਉਣਗੇ, ਧੌਂਸ਼ਿਆਂ ਤੇ ਡੰਕੇ ਵਜਾਕੇ ਦੇਵਤਿਆ ਦੀ ਸੈਨਾਂ ਦੇ ਸਮੇਤ ਜਿਸ ਫੌਜ ਦੇ ਸੈਨਾਂਪਤੀ ਰਵਿੰਦ=ਸੂਰਜ ਦੇਵਤਾ ਅਤੇ ਚਦ੍ਰਮਾਂ ਦੇਵਤਾ ਹੋਣਗੇ। ਹਿੰਦੋਸਤਾਨ ਤੋਂ ਲੈ ਕੇ ਸ਼ੁਰੂ ਕਰਕੇ ਸਾਰੀ ਦੁਨੀਆਂ ਵਿਚ ਪਾਪੀਆਂ ਨੂੰ ਮਾਰਨਗੇ, ਧਰਮੀਆਂ ਦੀ ਰੱਖਿਆ ਕਰਨਗੇ।

ਤਥਾ: ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥
(ਸਤਾ ਵਲਵੰਡ ਪੰਨਾ ੯੬੮)

ਅਰਥ: ਜਿਸ ਪਰਮੇਸ਼ਰ ਨੇਂ ਬਾਸ਼ਕ ਨਾਗ ਦਾ ਨੇਤਾ ਬਣਾਕੇ ਸ਼ਮੇਰ ਪਰਬਤ ਨੂੰ ਰਿੜਿਕਿਆ ਸੀ, ਨੇਤ੍ਰੇ ਨੂੰ ਇਕ ਪਾਸੇ ਦੇਵਤੇ ਖਿਚਦੇ ਸੀ, ਦੂਜੇ ਪਾਸੇ ਦੈਂਤ ਨੇਤ੍ਰਾ ਖਿਚਕੇ ਸਮੁੰਦਰ ਨੂੰ ਰਿੜਕਿਆ ਸੀ ੧੪ ਰਤਨ ਕੱਡੇ ਸੀ। ਸਤਾ ਬਲਵੰਡ ਕਹਿੰਦੇ ਹਨ:- ਗੁਰੂ ਜੀ ਉਹੀ ਪਰਮੇਸ਼ਰ ਦਾ ਸਰੂਪ ਅੱਜ ਅੰਮ੍ਰਿਤਸਰ ਵਿਚ, ਗੁਰੂ ਅਰਜਨ ਦੇਵ ਸੰਸਾਰੀ ਜੀਵਾਂ ਨੂੰ ਤਾਰ ਰਹੇ ਹੈ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥

ਅਰਥ: ਕੋਈ ਰਾਗਾਂ ਦੁਆਰਾ, ਕੋਈ ਨਾਦੀ ਵਾਜਿਆ ਦੁਆਰਾ ਬਹੁਤ ਹੀ ਪ੍ਰਕਾਰ ਨਾਲ ਹਰੀ ਜਸ ਨੂੰ ਗਾਉਂਦਾ ਹੈ, ਪਰੰਤੂ ਇਸ ਤਰਾਂ ਗਾਉਣ ਵਜਾਉਣ ਨਾਲ ਹਰੀ ਨਹੀਂ ਭਿਝਦਾ।

ਤਥਾ: ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥ ਮਹਲਾ ੪॥
(ਪੰਨਾ ੪੫੦)

ਅਰਥ: ਜਿਨ੍ਹਾਂ ਵਿਦਵਾਨਾਂ ਦੇ ਮਨ ਵਿਚ ਪ੍ਰੇਮ ਸ਼ਰਧਾ ਨਹੀਂ ਗੁਰੂ ਗ੍ਰੰਥ ਵਿਚ, ਨਾਂਹੀ ਗੁਰੂ ਹੁਕਮਾਂ ਦਾ ਡਰ ਮੰਨਦੇ ਹਨ। ਸਿਰਫ ਮਾਇਆ ਦਾ ਵਪਾਰ ਬਣਾਕੇ ਪਿਆਰ ਵਾਲੇ ਮਿਠੇ ਬਚਨ ਸਣਾਕੇ ਪੰਡਿਤਾਂ ਦੀ ਤਰਾਂ ਪਾਖੰਡ ਜਿਹਾ ਹੀ ਹੈ। ਗੁਰੂ ਜੀ ਕਹਿੰਦੇ ਹਨ: ਜਿਨ੍ਹਾਂ ਦੇ ਹਿਰਦੇ ਵਿਚ ਕਪਟ ਵਿਕਾਰੁ ਹੈ, ਉਹਨਾਂ ਰੋ ਰੋ ਕੇ ਸੰਗਤਾਂ ਨੂੰ ਭਰਮਾਉਣਾਂ, ਕੇ ਮਾਇਆ ਦੇ ਗੱਫੇ ਖੂਬ ਹੋ ਜਾਣ। ਹਰੀ ਕਰਤਾ ਇਹਨਾਂ ਦੀ ਭਾਵਨਾਂ ਨੂੰ ਸਮਝਕੇ ਝੂਠਾ ਡਰਾਮਾਂ ਕਰਦੇ ਹਨ। ਝੂਠਿਆਂ ਪ੍ਰਚਾਰਕਾਂ ਦੇ ਸਿਰਿ ਤੇ ਰੋਗਾਂ ਦਾ ਘਾਣ ਰੱਖ ਦਿੰਦਾ ਹੈ। ਕੈਂਸਰ, ਸ਼ੂਗਰ ਕੋਹੜ ਆਦਿਕ ਰੋਗ ਲਾ ਦਿੰਦਾ ਹੈ ਪ੍ਰਮਾਤਮਾਂ, ਗੁਰੂ ਜੀ ਕਹਿੰਦੇ ਹਨ, ਨਾ ਕੇ ਲਿਖਾਰੀ।

ਤਥਾ: ਲੇਖਾ ਲਿਖੀਐ ਮਨ ਕੈ ਭਾਇ॥
ਨਾਨਕ ਭੀਜੈ ਸਾਚੈ ਨਾਇ॥
(ਪੰਨਾ ੧੨੩੭)

ਅਰਥ: ਮਨ ਦੇ ਭਾਇ=ਪ੍ਰੇਮ, ਵੈਰਾਗ, ਸ਼ਰਧਾ ਵਾਲੇ ਦਾ ਦਰਗਾਹ ਵਿਚ ਲੇਖਾ ਲਿਖਿਆ ਜਾਂਦਾ ਹੈ। ਸੱਚੇ ਨਾਮ ਜਪਣ ਵਾਲੇ ਤੇ ਪ੍ਰਭੂ ਭੀਜੈ=ਪ੍ਰਸ਼ੰਨ ਹੁੰਦਾ ਹੈ॥੨॥

ਤਥਾ: ਸਚੁ ਤਾ ਪੁਰ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀ ਕੀ ਕਿਛੁ ਪੁੰਨੁ ਦਾਨ ਕਰੇਇ॥ ਮਹਲਾ ੧॥
(ਪੰਨਾ ੪੬੮)

ਅਰਥ: ਅਕਾਲ ਪੁਰਖ ਦੀ ਪ੍ਰਸੰਨਤਾ ਲੈਣ ਲਈ, ਗੁਰੂ ਧਾਰਨ ਕਰਕੇ ਸੱਚੀ ਸਿਖਿਆ ਲਵੇ, ਸਭ ਜੀਆਂ ਤੇ ਦਇਆ ਕਰੇ ਅਤੇ ਪੁੰਨ ਦਾਨ ਕਰੇ।

ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ। ਕਰਨੈਲ ਸਿੰਘ ਟੋਰੰਟੋ
-416-746-7642

# ਬੋਰਡ ਪ੍ਰੀਖਿਆ ਵਿੱਚ ਪ੍ਰਸ਼ਨ ਪੱਤਰ ਨੂੰ ਹੱਲ ਕਰਨ ਦੀ ਕੋਸ਼ਿਸ਼ ਕਿਵੇਂ ਕਰੀਏ?

ਇਸ ਲੇਖ ਵਿੱਚ, ਵਿਦਿਆਰਥੀ ਬੋਰਡ ਪ੍ਰੀਖਿਆ ਲਿਖਣ ਲਈ ਮਹੱਤਵਪੂਰਨ ਸਮਾਂ ਪ੍ਰਬੰਧਨ ਸੁਝਾਅ ਪ੍ਰਾਪਤ ਕਰਨਗੇ। ਪ੍ਰਸ਼ਨ ਪੱਤਰ ਸਮੇਂ ਦੇ ਅੰਦਰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਲਈ ਸਹੀ ਸਮਾਂ ਪ੍ਰਬੰਧਨ ਬਹੁਤ ਮਹੱਤਵਪੂਰਨ ਹੈ।



ਬੋਰਡ ਪ੍ਰੀਖਿਆ 2023 ਲਈ ਸਮਾਂ ਪ੍ਰਬੰਧਨ ਸੁਝਾਅ

ਬੋਰਡ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਬੈਠਣ ਵਾਲੇ ਵਿਦਿਆਰਥੀ ਅਕਸਰ ਲੰਬੇ ਪ੍ਰਸ਼ਨ ਪੱਤਰ ਦੀ ਸ਼ਿਕਾਇਤ ਕਰਦੇ ਹਨ। ਇਮਤਿਹਾਨ ਤੋਂ ਬਾਅਦ ਜ਼ਿਆਦਾਤਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੇਪਰ ਬਾਰੇ ਸਭ ਕੁਝ ਪਤਾ ਸੀ ਪਰ ਪੇਪਰ ਬਹੁਤ ਲੰਬਾ ਹੋਣ ਕਾਰਨ ਸਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕੇ। ਬੋਰਡ ਇਮਤਿਹਾਨ ਦੇਣ ਵਾਲੇ ਜ਼ਿਆਦਾਤਰ ਵਿਦਿਆਰਥੀ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪ੍ਰਸ਼ਨ ਪੱਤਰ ਪੂਰਾ ਨਹੀਂ ਕਰ ਪਾਉਂਦੇ ਹਨ। ਬੋਰਡ ਇਮਤਿਹਾਨ ਦੇ ਦੌਰਾਨ, ਸਮੇਂ ਦੇ ਅੰਦਰ ਪੂਰੇ ਪ੍ਰਸ਼ਨ ਪੱਤਰ ਦੀ ਕੋਸ਼ਿਸ਼ ਕਰਨ ਲਈ ਸਹੀ ਸਮਾਂ ਪ੍ਰਬੰਧਨ ਬਹੁਤ ਮਹੱਤਵਪੂਰਨ ਹੁੰਦਾ ਹੈ।

ਵਿਦਿਆਰਥੀਆਂ ਦੀ ਮਦਦ ਕਰਨ ਲਈ, ਇੱਥੇ ਕੁਝ ਮਹੱਤਵਪੂਰਨ ਸੁਝਾਅ ਦਿੱਤੇ ਗਏ ਹਨ ਜਿਨ੍ਹਾਂ ਨੂੰ ਵਿਦਿਆਰਥੀ ਆਪਣੀ ਸਹੂਲਤ ਅਨੁਸਾਰ ਅਪਣਾ ਸਕਦੇ ਹਨ

ਪਹਿਲੇ 15 ਮਿੰਟਾਂ ਵਿੱਚ ਪੂਰੇ ਪੇਪਰ ਵਿੱਚੋਂ ਲੰਘੋ

ਪ੍ਰਸ਼ਨ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਇੱਕ ਵਿਦਿਆਰਥੀ ਨੂੰ ਪਹਿਲਾਂ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਅਤੇ ਪੰਨਿਆਂ ਦੀ ਗਿਣਤੀ ਦੀ ਜਾਂਚ ਕਰਨੀ ਚਾਹੀਦੀ ਹੈ। ਪਹਿਲਾਂ, ਇਹ ਯਕੀਨੀ ਬਣਾਓ ਕਿ ਪ੍ਰਸ਼ਨ ਪੱਤਰ ਵਿੱਚ ਕੋਈ ਗੁੰਮ ਜਾਂ ਬਿਨਾਂ ਕ੍ਰਮਬੱਧ ਪੰਨੇ ਨਹੀਂ ਹਨ। ਜੇਕਰ ਸਭ ਕੁਝ ਠੀਕ ਹੈ, ਤਾਂ ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਦੇ ਸਾਰੇ ਪ੍ਰਸ਼ਨਾਂ ਨੂੰ ਜਲਦੀ ਨਾਲ ਪੜ੍ਹਨਾ ਚਾਹੀਦਾ ਹੈ। ਪ੍ਰਸ਼ਨ ਪੱਤਰ ਪੜ੍ਹਦੇ ਸਮੇਂ, ਵਿਦਿਆਰਥੀਆਂ ਨੂੰ ਉਨ੍ਹਾਂ ਪ੍ਰਸ਼ਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜੋ ਹੱਲ ਕਰਨ ਵਿੱਚ ਅਸਾਨ ਹਨ।

ਕਿਸੇ ਖਾਸ ਆਦੇਸ਼ ਨਾਲ ਜੁੜੇ ਨਾ ਰਹੋ

ਇਮਤਿਹਾਨ ਸ਼ੁਰੂ ਹੋਣ ਤੋਂ ਪਹਿਲਾਂ, ਕੁਝ ਵਿਦਿਆਰਥੀਆਂ ਦੀ ਇੱਕ ਖਾਸ ਮਾਨਸਿਕਤਾ ਹੁੰਦੀ ਹੈ (ਜਾਂ ਇੱਕ ਰਣਨੀਤੀ ਬਣਾਉਂਦੀ ਹੈ) ਜੋ ਉਹ ਪ੍ਰਸ਼ਨ ਪੱਤਰ ਦੇ ਸੈਕਸ਼ਨ ਡੀ ਤੋਂ ਸੈਕਸ਼ਨ ਏ ਜਾਂ ਸੈਕਸ਼ਨ ਏ ਤੋਂ ਸੈਕਸ਼ਨ ਡੀ ਤੱਕ ਹੱਲ ਕਰਨਗੇ।

ਇਹ ਮਹੱਤਵਪੂਰਨ ਹੈ ਕਿ ਵਿਦਿਆਰਥੀਆਂ ਨੂੰ ਕਿਸੇ ਖਾਸ ਕ੍ਰਮ 'ਤੇ ਨਹੀਂ ਰਹਿਣਾ ਚਾਹੀਦਾ। ਵਿਦਿਆਰਥੀਆਂ ਨੂੰ ਪਹਿਲੇ 15 ਮਿੰਟਾਂ (ਪ੍ਰਸ਼ਨ ਪੱਤਰ ਪੜ੍ਹਨ ਲਈ ਅਲਾਟ ਕੀਤੇ ਗਏ) ਵਿੱਚ ਪੇਪਰ ਵਿੱਚੋਂ ਲੰਘਦੇ ਸਮੇਂ ਤਰਜੀਹਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ।

ਹੋ ਸਕਦਾ ਹੈ ਕਿ ਸੈਕਸ਼ਨ ਏ ਅਤੇ ਸੈਕਸ਼ਨ ਡੀ ਦੇ ਸਵਾਲ ਦੂਜੇ ਸੈਕਸ਼ਨਾਂ ਦੇ ਸਵਾਲਾਂ ਦੇ ਮੁਕਾਬਲੇ ਆਸਾਨ ਹੋਣ। ਇਸ ਲਈ, ਵਿਦਿਆਰਥੀਆਂ ਨੂੰ ਸੈਕਸ਼ਨ ਏ (ਜਿਵੇਂ ਕਿ ਇਹ ਆਸਾਨ ਹੈ) ਨੂੰ ਹੱਲ ਕਰਨਾ ਚਾਹੀਦਾ ਹੈ, ਫਿਰ ਸੈਕਸ਼ਨ ਡੀ ਅਤੇ ਹੋਰ ਭਾਗ ਬਾਅਦ ਵਿੱਚ।

ਆਪਣਾ ਸਮਾਂ ਸਮਝਦਾਰੀ ਨਾਲ ਵੰਡੋ

ਵਿਦਿਆਰਥੀਆਂ ਨੂੰ ਆਪਣਾ ਸਮਾਂ ਸਮਝਦਾਰੀ ਨਾਲ ਵੰਡਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਪ੍ਰਸ਼ਨ ਪੱਤਰ ਦੇ ਸਾਰੇ ਭਾਗਾਂ ਨੂੰ ਹੱਲ ਕਰਨ ਲਈ ਕਾਫ਼ੀ ਸਮਾਂ ਮਿਲ ਸਕੇ। ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਪੂਰਾ ਕਰਨ ਤੋਂ ਬਾਅਦ ਰਿਵੀਜ਼ਨ ਲਈ ਵੀ ਕੁਝ ਸਮਾਂ ਰੱਖਣਾ ਚਾਹੀਦਾ ਹੈ।

ਉਦਾਹਰਨ ਲਈ: ਮੰਨ ਲਓ ਕਿ ਤੁਸੀਂ ਬੋਰਡ ਕਲਾਸ 12ਵੀਂ ਭੌਤਿਕ ਵਿ-ਗਿਆਨ ਬੋਰਡ ਪ੍ਰੀਖਿਆ 2023 ਦੇਣ ਜਾ ਰਹੇ ਹੋ ਜਿਸ ਵਿੱਚ 5 ਭਾਗ ਹਨ (, , , ਅਤੇ )। ਸੈਕਸ਼ਨ ਏ ਵਿੱਚ 18 ਸਵਾਲ (ਹਰੇਕ 1 ਅੰਕ), ਸੈਕਸ਼ਨ ਬੀ ਵਿੱਚ 7 ਛੋਟੇ ਜਵਾਬ ਕਿਸਮ ਦੇ ਸਵਾਲ (ਹਰੇਕ ਵਿੱਚ 2 ਅੰਕ), ਸੈਕਸ਼ਨ ਸੀ ਵਿੱਚ 5 ਸਵਾਲ (ਹਰੇਕ ਵਿੱਚ 2 ਅੰਕ), ਸੈਕਸ਼ਨ ਡੀ ਵਿੱਚ 2 ਸਵਾਲ (4 ਅੰਕ) ਅਤੇ 3 ਸਵਾਲ ਹੋਣਗੇ। ਸੈਕਸ਼ਨ ਈ ਵਿੱਚ ਪ੍ਰਸ਼ਨ (5 ਅੰਕ)

ਜੇਕਰ ਸੈਕਸ਼ਨ ਬੀ ਅਤੇ ਸੈਕਸ਼ਨ ਸੀ ਦੇ ਸਵਾਲਾਂ ਦੇ ਮੁਕਾਬਲੇ ਸੈਕਸ਼ਨ ਏ, ਸੈਕਸ਼ਨ ਡੀ ਅਤੇ ਸੈਕਸ਼ਨ ਈ ਦੇ ਸਵਾਲ ਆਸਾਨ ਹਨ, ਤਾਂ ਵਿਦਿਆਰਥੀਆਂ ਨੂੰ ਪਹਿਲਾਂ ਸੈਕਸ਼ਨ ਏ, ਸੈਕਸ਼ਨ ਡੀ ਅਤੇ ਸੈਕਸ਼ਨ ਈ ਨੂੰ 1 ਤੋਂ 1 ਘੰਟੇ ਵਿੱਚ ਹੱਲ ਕਰਨਾ ਚਾਹੀਦਾ ਹੈ। ਬਾਅਦ ਵਿੱਚ, ਵਿਦਿਆਰਥੀਆਂ ਨੂੰ ਦੂਜੇ ਭਾਗਾਂ ਬੀ ਅਤੇ ਸੈਕਸ਼ਨ ਸੀ ਵਿੱਚ ਜਾਣਾ ਚਾਹੀਦਾ ਹੈ।

ਫਸੋ ਨਾ

ਪੇਪਰ ਹੱਲ ਕਰਦੇ ਸਮੇਂ ਵਿਦਿਆਰਥੀਆਂ ਨੂੰ ਕਿਸੇ ਖਾਸ ਸਵਾਲ 'ਤੇ ਨਹੀਂ ਫਸਣਾ ਚਾਹੀਦਾ। ਜੇਕਰ ਤੁਸੀਂ ਪ੍ਰਸ਼ਨ ਨੂੰ ਪੜ੍ਹਨ ਦੇ 1 ਤੋਂ 2 ਮਿੰਟ ਦੇ ਅੰਦਰ ਜਵਾਬ ਯਾਦ ਕਰਨ ਦੇ ਯੋਗ ਨਹੀਂ ਹੋ ਤਾਂ ਪ੍ਰਸ਼ਨ ਛੱਡ ਦਿਓ।

ਕਈ ਵਾਰ ਅਜਿਹੀ ਸਥਿਤੀ ਹੁੰਦੀ ਹੈ ਜਦੋਂ ਵਿਦਿਆਰਥੀ ਪ੍ਰਸ਼ਨ ਦੇ ਸਿਰਫ ਇੱਕ ਹਿੱਸੇ ਦਾ ਜਵਾਬ ਜਾਣਦੇ ਹਨ। ਉਸ ਸਥਿਤੀ ਵਿੱਚ, ਵਿਦਿਆਰਥੀਆਂ ਨੂੰ ਉਹ ਲਿਖਣਾ ਚਾਹੀਦਾ ਹੈ ਜੋ ਉਹ ਜਾਣਦੇ ਹਨ ਅਤੇ ਕਿਸੇ ਹੋਰ ਸਵਾਲ 'ਤੇ ਜਾਣਾ ਚਾਹੀਦਾ ਹੈ। ਵਿਦਿਆਰਥੀ ਇਸ ਤਰ੍ਹਾਂ ਦੇ ਸਵਾਲਾਂ 'ਤੇ ਬਾਅਦ ਵਿੱਚ ਵਾਪਸ ਆ ਸਕਦੇ ਹਨ ਜਿਵੇਂ ਹੀ ਉਹ ਬਾਕੀ ਪੇਪਰ ਦੇ ਨਾਲ ਖਤਮ ਕਰਦੇ ਹਨ।

ਉੱਪਰ ਦੱਸੇ ਅਭਿਆਸ ਅਤੇ ਸੁਝਾਵਾਂ ਨਾਲ, ਬੋਰਡ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀ ਆਸਾਨੀ ਨਾਲ ਆਪਣਾ ਪੇਪਰ ਪੂਰਾ ਕਰ ਸਕਦੇ ਹਨ।

ਵਿਜੈ ਗਰਗ, ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ
ਮਲੋਟ ਪੰਜਾਬ

# ਕੀ ਪ੍ਰਵਾਸੀ ਪੰਜਾਬੀਆਂ ਪ੍ਰਤੀ ਪਿਆਰ-ਵਿਖਾਵਾ ਤਾਂ ਨਹੀਂ ਕਰ ਰਹੀ ਸਰਕਾਰ?

-ਗੁਰਮੀਤ ਸਿੰਘ ਪਲਾਹੀ

ਪ੍ਰਵਾਸੀ ਪੰਜਾਬੀ ਦੀਆਂ ਦਿੱਕਤਾਂ, ਔਖਿਆਈਆਂ, ਸਮੱਸਿਆਵਾਂ ਦੇ ਹੱਲ ਉਹਨਾ ਨੂੰ ਦਿੱਤੇ ਜਾਣ ਵਾਲੇ ਮਾਣ-ਸਨਮਾਨ ਅਤੇ ਪ੍ਰਵਾਸੀ ਪੰਜਾਬੀਆਂ ਵਲੋਂ ਪੰਜਾਬ 'ਚ ਨਿਵੇਸ਼ ਵਧਾਉਣ ਲਈ ਪਿਛਲੀਆਂ ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਨੇ ਕਈ ਦਹਾਕੇ ਤੱਕ ਯਤਨ ਕੀਤੇ। ਮੌਜੂਦਾ ਸਰਕਾਰ ਨੇ ਵੀ ਪੰਜਾਬੀ ਐਨ.ਆਰ.ਆਈਜ਼. ਨਾਲ ਮਿਲਣੀਆਂ ਕਰਕੇ ਦਸੰਬਰ 2022 'ਚ ਉਹਨਾ ਦੀਆਂ ਸ਼ਕਾਇਤਾਂ ਦੇ ਨਿਵਾਰਣ ਲਈ ਪਹਿਲਕਦਮੀ ਕਰਨ ਦਾ ਬੀੜਾ ਚੁੱਕਿਆ ਹੈ। ਕੀ ਪੰਜਾਬ ਦੀਆਂ ਸਮੇਂ-ਸਮੇਂ ਬਣੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ, ਸਚਮੁੱਚ ਪ੍ਰਵਾਸੀ ਪੰਜਾਬੀਆਂ ਪ੍ਰਤੀ ਜਾਂ ਉਹਨਾ ਦੀਆਂ ਸਮੱਸਿਆਵਾਂ ਪ੍ਰਤੀ ਸੰਜੀਦਾ ਹੈ? ਜਾਂ ਫਿਰ ਧਨਾਢ ਪ੍ਰਵਾਸੀ ਪੰਜਾਬੀਆਂ ਤੋਂ ਪੰਜਾਬ 'ਚ ਨਿਵੇਸ਼ ਕਰਵਾਉਣ ਲਈ ਜਾਂ ਆਮ ਪ੍ਰਵਾਸੀ ਪੰਜਾਬੀਆਂ ਨੂੰ ਖੁਸ਼ ਕਰਕੇ ਉਹਨਾ ਰਾਹੀਂ ਵੋਟਾਂ ਹਥਿਆਉਣ ਲਈ ਹੀ ਉਹਨਾ ਪ੍ਰਤੀ ਹੇਜ, ਪਿਆਰ ਵਿਖਾ ਰਹੀ ਹੈ?

ਵੱਡੀ ਗਿਣਤੀ ਪੰਜਾਬੀ ਪ੍ਰਵਾਸੀ ਦੁਨੀਆਂ ਦੇ ਵੱਖੋ-ਵੱਖਰੇ ਕੋਨਿਆਂ 'ਚ ਵਸੇ ਰੁਜ਼ਗਾਰ ਕਰ ਰਹੇ ਹਨ, ਪੈਸਾ ਕਮਾ ਰਹੇ ਹਨ, ਸੁੱਖ ਸ਼ਾਂਤੀ ਨਾਲ ਰਹਿ ਰਹੇ ਹਨ, ਵੱਡਾ ਨਾਮਣਾ ਵੀ ਕਮਾ ਰਹੇ ਹਨ, ਔਖਿਆਈਆਂ ਝਾਂਗਕੇ ਵੀ ਆਪਣੀ ਜਨਮ ਭੂਮੀ ਪੰਜਾਬ ਨਾਲ ਪਿਆਰ ਪਾਲਦਿਆਂ, ਇਸ ਦੇ ਵਿਕਾਸ, ਸੁੱਖ ਦੀ ਕਾਮਨਾ ਕਰਦੇ ਹਨ। ਵਿਦੇਸ਼ਾਂ 'ਚ ਵਸਦਿਆਂ ਵਰ੍ਹੇ, ਛਿਮਾਹੀ ਜਾਂ ਕਦੇ ਵਰ੍ਹਿਆਂ ਬਾਅਦ ਜਦੋਂ ਉਹ ਆਪਣੇ ਵਤਨ, ਪਿਆਰੇ ਦੇਸ਼ ਪੰਜਾਬ ਦੀ ਧਰਤੀ ਵੱਲ ਫੇਰਾ ਪਾਉਂਦੇ ਹਨ ਤਾਂ ਉਹਨਾ ਨੂੰ ਪੰਜਾਬ ਓਪਰਾ-ਓਪਰਾ ਕਿਉਂ ਲਗਣ ਲੱਗ ਪਿਆ ਹੈ? ਕਿਉਂ ਉਹ ਪੰਜਾਬ 'ਚ ਆ ਕੇ ਉਹ ਨਿੱਘ ਮਹਿਸੂਸ ਨਹੀਂ ਕਰਦੇ, ਜਿਸਦੀ ਤਵੱਕੋ ਉਹ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ, ਪੇਂਡੂਆਂ,ਸਨੇਹੀਆਂ ਪੁਰਾਣੇ ਗਵਾਂਢੀਆਂ, ਸਰਕਾਰਾਂ, ਸਿਆਸਤਦਾਨਾਂ ਤੋਂ ਕਰਦੇ ਰਹੇ ਹਨ।

ਅਸਲ 'ਚ ਉਹਨਾ ਦੇ ਨਾਲ ਉਹਨਾ ਦੀ ਆਪਣੀ ਧਰਤੀ ਉਤੇ ਕੀਤਾ ਜਾਣ ਵਾਲਾ ਵਰਤਾਰਾ, ਉਹਨਾ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ, ਉਦੋਂ ਜਦੋਂ ਪੰਜਾਬ ਵਸਦੇ ਪੰਜਾਬੀ ਪਿਆਰੇ ਉਹਨਾ ਨੂੰ "ਧੰਨ ਦੀ ਤੱਕੜੀ" 'ਚ ਤੋਲਦੇ ਹਨ, ਮਨ ਦੀ ਤੱਕੜੀ 'ਤੇ ਤਾਂ ਉਹ ਨੂੰਗਾ ਹੀ ਮਾਰਨ ਲਗ ਪਏ ਹਨ।

ਸਮੱਸਿਆ ਹੈ ਕਿ ਜਦੋਂ ਉਹ ਪੰਜਾਬ ਛੱਡ ਗਏ, ਵਿਦੇਸ਼ ਵਸ ਗਏ, ਪਿਛੇ ਰਹਿ ਗਏ ਉਹਨਾ ਦੇ ਘਰਾਂ, ਜ਼ਮੀਨਾਂ, ਜ਼ਾਇਦਾਦਾਂ ਦੀ ਰਾਖੀ ਕਰਨ ਵਾਲੇ ਜਦੋਂ ਉਹਨਾ ਦੀਆਂ ਜ਼ਾਇਦਾਦਾਂ ਨੂੰ ਹਥਿਆਉਣ ਦੇ ਰਾਹ ਤੁਰ ਪਏ, ਤਾਂ ਰਿਸ਼ਤੇ, ਤਿੜਕੇ, ਰਿਸ਼ਤਿਆਂ 'ਚ ਖਟਾਸ ਵਧੀ, ਦੁਸ਼ਮਣੀਆਂ ਪਈਆਂ, ਅਦਾਲਤਾਂ, ਥਾਣਿਆਂ 'ਚ ਕੇਸ ਚਲੇ 'ਤੇ ਪ੍ਰਵਾਸ ਹੰਢਾ ਰਹੇ ਇਹ ਪੰਜਾਬੀ ਨਿੱਤ ਦਿਹਾੜੇ ਆਪਣਿਆਂ ਹੱਥੋਂ ਲੁੱਟ ਦਾ ਦਰਦ ਹੰਢਾਉਂਦਿਆਂ ਲਾਲ, ਪੀਲੇ ਹੁੰਦੇ ਰਹੇ, ਪਰ ਬੇਵਸੀ ਦੇ ਆਲਮ 'ਚ ਕੁਝ ਨਾ ਕਰ ਸਕਣ ਦੀ ਸਥਿਤੀ 'ਚ ਆ ਗਏ, ਕਿਉਂਕਿ ਸਮੇਂ ਦੀਆਂ ਉਪਰਲੀਆਂ, ਹੇਠਲੀਆਂ, ਸਰਕਾਰਾਂ, ਸਿਆਸਤਦਾਨਾਂ ਉਹਨਾ ਦੀ ਬਾਂਹ ਨਾ ਫੜੀ, ਸਰਕਾਰਾਂ ਐਨ.ਆਰ.ਆਈ. ਥਾਣੇ ਬਣਾਏ, ਐਨ.ਆਰ.ਆਈ. ਅਦਾਲਤਾਂ ਬਣਾਈਆਂ, ਪਰ ਉਹਨਾ ਦੀ ਲੰਮੀ ਪ੍ਰਕਿਆ ਤੋਂ ਹੰਭ ਕੇ ਉਹ ਨਿਰਾਸ਼, ਉਦਾਸ, ਹਤਾਸ਼ ਹੋ ਕੇ ਚੁੱਪ ਹੋਣ ਵਾਲੀ ਹਾਲਤ ਦੇ ਵਿਹੜੇ ਜਾ ਵੜੇ। ਕੀ ਮੌਜੂਦਾ ਸਰਕਾਰ ਉਹਨਾ ਦੀਆਂ ਸਮੱਸਿਆਵਾਂ ਹੱਲ ਕਰ ਸਕੇਗੀ? ਕੀ ਮੌਜੂਦਾ ਸਰਕਾਰ ਪ੍ਰਵਾਸੀ ਪੰਜਾਬੀਆਂ ਪ੍ਰਤੀ ਬਣਾਈ ਜਾ ਰਹੀ ਨਵੀਂ ਪਾਲਿਸੀ ਨੂੰ ਦ੍ਰਿੜਤਾ ਨਾਲ ਲਾਗੂ ਕਰ ਸਕੇਗੀ ਤਾਂ ਕਿ ਪ੍ਰਵਾਸੀ ਪੰਜਾਬੀ ਕੁਝ ਤਾਂ ਰਾਹਤ ਮਹਿਸੂਸ ਕਰ ਸਕਣ। ਮੁੱਖ ਤੌਰ 'ਤੇ ਪ੍ਰਵਾਸੀ ਪੰਜਾਬੀਆਂ ਦੇ ਜਾਇਦਾਦ, ਵਿਆਹਾਂ ਸੰਬੰਧੀ ਮਸਲੇ ਲੰਮੇ ਸਮੇਂ ਤੋਂ ਲਟਕੇ ਹੋਏ ਹਨ, ਅਦਾਲਤਾਂ ਅਤੇ ਥਾਣਿਆਂ 'ਚ ਅਤੇ ਭੂਮੀ ਮਾਫੀਆ ਅਤੇ ਗੈਂਗ ਪ੍ਰਵਾਸੀ ਪੰਜਾਬੀਆਂ ਦੇ ਇਹਨਾ ਕੇਸਾਂ ਨੂੰ ਲਗਾਤਾਰ ਪ੍ਰਭਾਵਤ ਕਰਦਾ ਹੈ। ਕੀ ਮੌਜੂਦਾ ਸਰਕਾਰ ਐਨ.ਆਰ. ਆਈ ਲੋਕ ਅਦਾਲਤਾਂ ਰਾਹੀਂ ਆਪਸੀ ਰਜ਼ਾਮੰਦੀ ਨਾਲ ਇਹ ਵਰ੍ਹਿਆਂ ਪੁਰ-ਾਣੇ ਕੇਸ ਹੱਲ ਕਰੇਗੀ?

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਇਸ ਸਭਾ ਦਾ ਉਦੇਸ਼ ਪ੍ਰਵਾਸੀ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰਨਾ ਸੀ। ਪਰ ਕੁਝ ਵਰ੍ਹਿਆਂ 'ਚ ਹੀ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਮੌਜੂਦਾ ਸਮੇਂ 'ਚ ਤਾਂ ਅਖੌਤੀ ਚੋਣ ਹੋਣ ਦੇ ਬਾਵਜੂਦ ਵੀ ਇਸਦੀ ਹੋਂਦ ਵਿਖਾਈ ਹੀ ਨਹੀਂ ਦਿੰਦੀ। ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀਆਂ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਸਿਰਫ਼ ਚਾਰਾ ਖਾਣਾ ਵਾਲੇ ਹਾਥੀ ਵਰਗੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ । ਇਹ ਸੰਸਥਾ ਜੋ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ-1860 ਅਧੀਨ ਰਜਿਸਟਰਡ ਹੈ, ਸਿਰਫ਼ ਅਫ਼ਸਰਾਂ ਦੇ ਗਲਬੇ ਹੇਠ ਹੈ।

ਅਕਾਲੀ-ਭਾਜਪਾ ਨੇ ਪੰਜਾਬੀ ਪ੍ਰਵਾਸੀਆਂ ਨਾਲ ਸਾਂਝ ਪਕੇਰੀ ਕਰਨ ਲਈ ਹਰ ਵਰ੍ਹੇ ਕਈ ਸਾਲ ਪ੍ਰਵਾਸੀ ਪੰਜਾਬੀ ਸੰਮੇਲਨ ਕਰਵਾਏ। ਰੰਗ-ਬਰੰਗੇ ਸੁਪਨੇ ਉਹਨਾ ਦੇ ਮਨਾਂ 'ਚ ਸੰਜੋਏ। ਅਰਬਾਂ ਰੁਪਏ ਇਹਨਾ ਸੰਮੇਲਨਾਂ 'ਤੇ ਸਰਕਾਰ ਨੇ ਖ਼ਰਚੇ ਅਤੇ ਅਰਬਾਂ ਰੁਪਏ ਪ੍ਰਵਾਸੀ ਪੰਜਾਬੀਆਂ ਦੀਆਂ ਜੇਬੋਂ ਵੀ ਗਏ ਪਰ ਕਿਸ ਅਰਥ ਆਏ, ਸਿਵਾਏ ਢੁੱਠਾਂ ਵਾਲੇ ਪ੍ਰਵਾਸੀਆਂ ਨੂੰ ਸੈਰਾਂ ਕਰਵਾਉਣ ਦੇ ਜਾਂ ਸਿਆਸਤਦਾਨਾਂ ਵਲੋਂ ਆਪਣੀ ਨੇਤਾਗਿਰੀ ਚਮਕਾਉਣ ਦੇ।

ਕਨੂੰਨ, ਥਾਣੇ, ਕਮਿਸ਼ਨ

ਪ੍ਰਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਪੰਜਾਬ ਸਰਕਾਰ ਵਲੋਂ ਕਨੂੰਨ ਬਣਾਏ ਗਏ, ਤਾਂ ਕਿ ਪ੍ਰਵਾਸੀਆਂ ਨੂੰ ਤੁਰੰਤ ਇਨਸਾਫ਼ ਮਿਲ ਸਕੇ। ਪਰ ਦਿੱਕਤਾਂ ਦਾ ਪਰਨਾਲਾ ਅਧੂਰੇ ਕਾਨੂੰਨਾਂ ਕਾਰਨ ਉਵੇਂ ਦਾ ਉਵੇਂ ਰਿਹਾ। ਪ੍ਰਵਾਸੀ ਪੁਲਿਸ ਥਾਣੇ ਉਹਨਾ ਲਈ ਸਹਾਈ ਨਾ ਹੋ ਸਕੇ। ਕਾਂਗਰਸੀ ਸਰਕਾਰ ਵਲੋਂ ਬਣਾਇਆ ਪ੍ਰਵਾਸੀ ਕਮਿਸ਼ਨ ਕਿਸੇ ਪ੍ਰਵਾਸੀ ਲਈ ਕੁਝ ਨਾ ਕਰ ਸਕਿਆ। ਕੁਝ ਪ੍ਰਵਾਸੀਆਂ ਨੂੰ ਇਸ ਦੇ ਮੈਂਬਰ ਨਿਯੁਕਤ ਕਰ ਦਿੱਤਾ ਗਿਆ। ਪਰ ਇਹ ਕਮਿਸ਼ਨ ਵੀ ਪ੍ਰਵਾਸੀਆਂ ਪੱਲੇ ਕੁਝ ਨਾ ਪਾ ਸਕਿਆ। ਸਰਕਾਰਾਂ ਨੇ ਪ੍ਰਵਾਸੀਆਂ ਦੀ ਜ਼ਾਇਦਾਦ ਕਬਜ਼ਾਧਾਰੀਆਂ ਤੋਂ ਛਡਾਉਣ ਲਈ ਸਬਜ਼ਬਾਗ ਵਿਖਾਏ, ਪਰ ਪੰਜਾਬ ਵਿਚਲੀ ਕੁਝ ਬੇਈਮਾਨ ਸਿਆਸਦਾਨਾਂ, ਕੁਝ ਸਵਾਰਥੀ ਪੁਲਿਸ/ਪ੍ਰਸ਼ਾਸ਼ਕੀ ਅਫ਼ਸਰਾਂ 'ਤੇ ਭੂ-ਮਾਫੀਆ ਦੀ ਤਿੱਕੜੀ ਨੇ ਸਭੋ ਕੁਝ ਆਪਣੇ ਹੱਥ ਵੱਸ ਕਰਕੇ, ਉਲਟਾ ਪ੍ਰਵਾਸੀ ਪੰਜਾਬੀਆਂ ਦੀ ਮੁਸ਼ਕਲਾਂ 'ਚ ਵਾਧਾ ਹੀ ਕੀਤਾ। ਗਲਤ ਐਫੀਡੇਵਿਟਾਂ ਰਾਹੀਂ ਰਿਸ਼ਤੇਦਾਰਾਂ ਨੂੰ ਆਪਣੇ ਪ੍ਰਵਾਸੀ ਵੀਰਾਂ ਦੀ ਜ਼ਮੀਨਾਂ ਹੜੱਪੀਆਂ। ਉਹਨਾ ਦੇ ਰਿਸ਼ਤੇਦਾਰ ਉਹਨਾ ਵਿਰੁੱਧ ਕੇਸ ਦਰਜ ਕਰਵਾਏ ਗਏ। ਜਿਸ ਕਾਰਨ ਉਹ ਪ੍ਰੇਸ਼ਾਨੀ ਦੀ ਅਵਸਥਾ 'ਚ ਦਿਨ ਗੁਜ਼ਾਰ ਰਹੇ ਹਨ।

ਕਈ ਪ੍ਰਵਾਸੀ ਪੰਜਾਬੀਆਂ ਵਿਰੁੱਧ ਰਿਸ਼ਤੇਦਾਰਾਂ, ਜ਼ਮੀਨਾਂ ਦੇ ਦਲਾਲਾਂ ਨੇ ਝੂਠੇ ਕੇਸ ਦਰਜ਼ ਕਰਵਾਏ ਗਏ, ਜੋ ਪੰਝਾਬ ਦੀਆਂ ਅਦਾਲਤਾਂ 'ਚ ਹਾਜ਼ਰੀ ਨਾ ਭਰੇ ਜਾਣ ਕਾਰਨ, ਭਗੌੜੇ ਕਰਾਰ ਦਿੱਤੇ ਗਏ। ਭਗੌੜੇ ਕਰਾਰ ਦਿੱਤੇ ਜਾਣ ਕਾਰਨ ਉਹ ਪੰਜਾਬ ਪਰਤ ਹੀ ਨਹੀਂ ਸਕਦੇ

ਇਹ ਚੰਗੀ ਗੱਲ ਹੈ ਕਿ ਸਰਕਾਰ ਵਲੋਂ ਪ੍ਰਵਾਸੀ ਪੰਜਾਬੀਆਂ ਦੇ ਬੱਚਿਆਂ ਅਤੇ ਬਜ਼ੁਰਗ ਪ੍ਰਵਾਸੀ ਪੰਜਾਬੀਆਂ ਲਈ ਪੰਜਾਬ ਫੇਰੀਆਂ ਦਾ ਪ੍ਰਬੰਧ ਕਰਨ ਦਾ ਨਿਰਣਾ ਲਿਆ ਗਿਆ ਹੈ। ਪਰ ਜੇਕਰ ਸਰਕਾਰ ਪੰਜਾਬੀ ਪ੍ਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਸਚਮੁੱਚ ਸੰਜੀਦਾ ਹੈ ਤਾਂ :-

(1) ਪ੍ਰਵਾਸੀ ਪੰਜਾਬੀਆਂ ਲਈ ਬਣਾਏ ਅਦਾਰਿਆਂ ਸਮੇਤ ਐਨ.ਆਰ.ਆਈ. ਸਭਾ, ਐਨ.ਆਰ.ਆਈ. ਕਮਿਸ਼ਨ, ਐਨ.ਆਰ.ਆਈ. ਪੁਲਿਸ ਵਿਭਾਗ ਅਤੇ ਥਾਣੇ, ਐਨ.ਆਰ.ਆਈ. ਅਦਾਲਤਾਂ 'ਚ ਪ੍ਰਵਾਸੀਆਂ ਲਈ ਇਨਸਾਫ਼ ਮਿਤੀਬੱਧ ਕਰੇ।

(2) ਪੰਜਾਬੀ ਪ੍ਰਵਾਸੀਆਂ ਦੀ ਜ਼ਮੀਨ, ਜਾਇਦਾਦ ਦੀ ਰਾਖੀ ਕਰੇ।

( 3) ਪੰਜਾਬੀ ਪ੍ਰਵਾਸੀਆਂ ਦੀ ਪੰਜਾਬ 'ਚ ਠਹਿਰ ਦੌਰਾਨ ਉਹਨਾਂ ਦੇ ਜਾਨ ਮਾਲ ਨੂੰ ਕੋਈ ਵੀ ਨੁਕਸਾਨ ਨਾ ਹੋਣ ਦਾ ਭਰੋਸਾ ਦੇਵੇ।

(4) ਪੰਜਾਬੀ ਪ੍ਰਵਾਸੀਆਂ ਵਿਰੁੱਧ ਅਦਾਲਤਾਂ 'ਚ ਉਹਨਾਂ ਨੂੰ ਭਗੌੜੇ ਹੋਣ ਦੇ ਜੋ ਕੇਸ ਦਰਜ ਹਨ, ਉਹ ਵਾਪਿਸ ਲਵੇ।

(5) ਪਰਵਾਸੀ ਪੰਜਾਬੀ ਲਈ ਏਅਰਪੋਰਟਾਂ ਉੱਤੇ ਵਿਸ਼ੇਸ਼ ਸੈਲ ਪੰਜਾਬ ਸਰਕਾਰ ਸਥਾਪਿਤ ਕਰੇ ਅਤੇ ਉਹਨਾਂ ਦੀ ਪ੍ਰਾਹੁਣਾਚਾਰੀ ਦਾ ਪੂਰਾ ਧਿਆਨ ਰੱਖਿਆ ਜਾਵੇ।

(6) ਪ੍ਰਵਾਸੀ ਪੰਜਾਬੀਆਂ ਨੂੰ ਸ਼ਨਾਖਤੀ ਐਨ.ਆਰ.ਆਈ. ਕਾਰਡ ਮੁੜ ਜਾਰੀ ਕੀਤੇ ਜਾਣ, ਜਿਸਦੀ ਸ਼ੁਰੂਆਤ ਕੁਝ ਸਮਾਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵਲੋਂ ਕੀਤੀ ਗਈ ਸੀ।

(7) ਪ੍ਰਵਾਸੀ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬ ਸੱਦ ਕੇ ਇਥੋਂ ਦੇ ਸੱਭਿਆਚਾਰ, ਇਤਿਹਾਸਿਕ ਪਿਛੋਕੜ ਦੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਜਾਵੇ।

(8) ਜਿਹਨਾ ਪ੍ਰਵਾਸੀਆਂ ਪੰਜਾਬੀਆਂ ਨੇ ਖੇਤੀ, ਵਿਗਿਆਨ, ਡਾਕਟਰੀ, ਕਾਰੋਬਾਰ, ਪੱਤਰਕਾਰੀ, ਲੇਖਕ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਉਹਨਾ ਦੀ ਸੇਵਾਵਾਂ ਨੂੰ ਮਾਨਤਾ ਦੇ ਕੇ ਉਹਨਾ ਨੂੰ ਸਨਮਾਨਿਤ ਕੀਤਾ ਜਾਵੇ।

(9) ਆਪੋ-ਆਪਣੇ ਖੇਤਰਾਂ 'ਚ ਮਾਹਰ ਪ੍ਰਵਾਸੀ ਪੰਜਾਬੀਆਂ ਦੀਆਂ ਵਿਸ਼ੇਸ਼ ਸੇਵਾਵਾਂ ਪੰਜਾਬ ਦੇ ਮਹਿਕਮਿਆਂ ਵਿੱਚ ਆਨਰੇਰੀ ਨਿਯੁੱਕਤੀ ਦੇ ਕੇ ਲਈਆਂ ਜਾਣ।

(10) ਪ੍ਰਵਾਸੀ ਪੰਜਾਬੀ ਸਨਅਤਕਾਰਾਂ, ਕਾਰੋਬਾਰੀਆਂ ਦੇ ਕਾਰੋਬਾਰ ਖੁਲਵਾਉਣ ਤੇ ਨਿਵੇਸ਼ ਲਈ ਸਿੰਗਲ ਵਿੰਡੋ ਸਿਸਟਮ ਬਣਾਇਆ ਜਾਵੇ।

ਤਦੇ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕਾਂ 'ਚ ਭਰੋਸਾ ਬਣੇਗਾ ਅਤੇ ਉਹ ਪੰਜਾਬ ਦੀ ਆਰਥਿਕਤਾ ਨੂੰ ਬਚਾਉਣ ਲਈ ਨਿਵੇਸ਼ ਦਾ ਰਸਤਾ ਫੜਨਗੇ।

ਹੁਣ ਤਾਂ ਉਹ ਵਿਦੇਸ਼ੋਂ ਪਿੰਡ ਲਈ ਤੁਰਦੇ ਇਹੋ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਸਰਕਾਰ, ਰਿਸ਼ਤੇਦਾਰ ਤੇ ਦੋਸਤ ਮਿੱਤਰ ਤਾਂ ਉਹਨਾਂ ਦੀਆਂ ਜੇਬਾਂ ਹੀ ਟਟੋਲਦੇ ਹਨ।

-ਗੁਰਮੀਤ ਸਿੰਘ ਪਲਾਹੀ
-9815802070

# ਖੁਢੀਆਂ ਛੁਰੀਆਂ ਦੇ ਰਾਹਾਂ ਦਾ ਰਾਹੀ, ਹਰਬੀਰ ਸਿਘ ਭਵਰ

– ਜਰਨੈਲ ਸਿੰਘ ਸੇਖਾ

(ਦੋ ਕੁ ਸਾਲ ਪਹਿਲਾਂ ਜਦੋਂ ਭਾਸ਼ਾ ਵਿਭਾਗ ਪੰਜਾਬ ਵਲੋਂ ਪਿਛਲੇ ਛੇ ਸਾਲਾਂ ਦੇ ਅਣਐਲਾਨੇ ਪੁਰਸਕਾਰਾਂ ਦਾ ਐਲਾਨ ਹੋਇਆ ਤਾਂ ਸ. ਹਰਬੀਰ ਸਿੰਘ ਭੰਵਰ ਨੂੰ ਸ਼੍ਰੋਮਣੀ ਪੱਤਰਕਾਰ ਵਲਾ ਪੰਜ ਲੱਖਾ ਪੁਰਸਕਾਰ ਦੇਣ ਦਾ ਐਲਾਨ ਹੋਇਆ ਸੀ। ਜਿਹੜੇ ਕਿ ਅੱਜ ਦੀ ਤ੍ਰੀਕ (12ਫ਼12ਫ਼2022) ਤਕ ਵੀ ਦਿੱਤੇ ਨਹੀਂ ਗਏ। ਪਰ ਦਵਿੰਦਰ ਸੇਖਾ ਦੀ ਸੰਪਾਦਨਾ ਵਿਚ ਉਸ ਲਈ ਅਭਿਨੰਦਨ ਗ੍ਰੰਥ ਛਾਪਣ ਦਾ ਪ੍ਰੋਗਰਾਮ ਣ ਗਿਆ। ਅਭਿਨੰਦਨ ਗ੍ਰੰਥ ਲਈ ਹਰਬੀਰ ਭੰਵਰ ਬਾਰੇ ਲਿਖਣ ਲਈ ਕਿਹਾ ਗਿਆ ਤਾਂ ਮੈਂ ਕਾਹਲੀ ਵਿਚ ਉਹਦਾ ਸੰਖੇਪ ਜਿਹਾ ਸ਼ਬਦ ਚਿੱਤਰ ਲਿਖ ਦਿੱਤਾ ਸੀ, ਪਰ ਮੇਰੀ ਤਸੱਲੀ ਨਹੀਂ ਸੀ ਹੋਈ। ਉਸ ਤੋਂ ਮਗਰੋਂ ਮੈਂ ਦੋ ਅਕਤੂਬਰ 2022 ਨੂੰ ਉਸ ਸ਼ਬਦ ਚਤਿਰ ਨੂੰ ਕੁਝ ਸੋਧ ਕੇ ਤੇ ਵਿਸਥਾਰ ਦੇ ਕੇ ਦੁਬਾਰਾ ਲਿਖਿਆ। ਉਹ ਲੇਖ ਮੈਂ ਕਿਸੇ ਥਾਂ ਛਪਵਾਇਆ ਨਹੀਂ ਸੀ ਕਿ 12 ਦਸੰਬਰ 2022 ਨੂੰ ਉਹ ਇਹ ਸੰਸਾਰ ਤਿਆਗ ਕੇ ਸਦਾ ਲਈ ਸਾਥੋਂ ਵਿਛੜ ਗਿਆ। ਹੁਣ 'ਹੈ' ਨੂੰ 'ਸੀ' ਲਿਖਣ ਦੀ ਮੇਰੇ ਵਿਚ ਸ਼ਕਤੀ ਨਹੀਂ।)

ਹਰਬੀਰ ਸਿਘ ਭਵਰ ਮੇਰਾ ਬਹੁਤ ਹੀ ਨਜ਼ਦੀਕੀ ਮਿੱਤਰ ਹੈ। ਮੈਂ ਉਸ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਅਜੇ ਅੱਲੜ ਜਿਹਾ ਮੁੱਛ ਫੁੱਟ ਗੱਭਰੂ ਸੀ ਅਤੇ ਪਿੰਡ ਮਧੇਕੇ, ਜ਼ਿਲਾ ਮੋਗਾ, (ਉਦੋਂ ਤਹਿਸੀਲ), ਵਿੱਚ ਨਵਾਂ-ਨਵਾਂ ਹੀ ਅਧਿਆਪਕ ਲੱਗਾ ਸੀ। ਇਹ ਗੱਲ ਸੰਨ 1958-59 ਦੇ ਲਾਗੇ ਦੀ ਹੈ। ਉਸ ਸਮੇਂ ਲਿਖਾਰੀ ਸਭਾ ਮੋਗਾ ਬਹੁਤ ਸਰਗਰਮ ਸੀ। ਉਸ ਦੀਆਂ ਮੀਟਿਗਾਂ ਉਂਝ ਤਾਂ ਹਰ ਮਹੀਨੇ ਦੇ ਪਹਿਲੇ ਐਤਵਾਰ ਮੋਗੇ ਹੁਦੀਆਂ ਸਨ ਪਰ ਕੁਝ ਨੇੜਲੇ ਸਾਹਿਤਕਾਰ ਸਾਥੀ ਉਸ ਐਤਵਾਰ ਤੋਂ ਬਿਨਾਂ ਵੀ ਕਿਸੇ ਇੱਕ ਦੇ ਘਰ ਮਿਲ ਬੈਠਦੇ। ਇਸੇ ਤਰਾਂ ਹੀ ਇੱਕ ਐਤਵਾਰ ਕੁਝ ਮਿੱਤਰ ਮਡੀ ਨਿਹਾਲ ਸਿਘ ਵਾਲਾ ਵਿਖੇ ਪ੍ਰੀਤਮ ਬਰਾੜ (ਪੱਤੋ) ਦੀ ਬੈਠਕ ਵਿੱਚ ਬੈਠੇ ਸਨ ਕਿ ਸੁਰਜੀਤ ਬਰਾੜ, ਮੇਰਾ ਸਕੂਲ ਤੇ ਜੇ.ਬੀ.ਟੀ. ਦਾ ਹਮਜਮਾਤੀ,ਇੱਕ ਅਲੂਏਂ ਜਿਹੇ ਮੁਡੇ ਨਾਲ ਸਾਡੇ ਕੋਲ ਆਇਆ ਅਤੇ ਉਸ ਮੁਡੇ ਦੀ ਜਾਣ-ਪਛਾਣ ਕਰਵਾਈ, "ਇਹਨਾਂ ਨੂੰ ਮਿਲੋ, ਇਹ ਨੇ ਹਰਬੀਰ ਸਿਘ ਭਵਰ, ਇੱਕ ਚਿੱਤਰਕਾਰ। ਇਹਨਾਂ ਦਾ ਪਿੰਡ ਲੁਧਿਆਣੇ ਜ਼ਿਲ੍ਹੇ ਵਿਚ ਪੱਖੋਵਾਲ ਹੈ ਅਤੇ ਸਾਡੇ ਸਕੂਲ ਵਿਚ ਨਵੇਂ ਮਾਸਟਰ ਲੱਗੇ ਹਨ।"

ਉਹ ਦੋਵੇਂ ਸਾਡੇ ਨਾਲ ਹੱਥ ਮਿਲਾ ਕੇ ਨਾਲ ਦੇ ਮੰਜੇ ਉਪਰ ਬੈਠ ਗਏ। ਚਲਦੀ ਗੱਲ ਬਾਤ ਫਿਰ ਸ਼ੁਰੂ ਹੋ ਗਈ। ਸੁਰਜੀਤ ਬਰਾੜ ਗੱਲ ਬਾਤ ਵਿਚ ਸ਼ਾਮਲ ਹੋ ਗਿਆ ਪਰ ਹਰਬੀਰ ਸਾਰਾ ਸਮਾਂ ਚੁੱਪ-ਚਾਪ ਬੈਠਾ ਰਿਹਾ। ਉਸਨੇ ਵਿਚਾਰ-ਵਟਾਂਦਰੇ 'ਚ ਕੋਈ ਹਿੱਸਾ ਨਹੀਂ ਲਿਆ। ਅਖ਼ੀਰ 'ਤੇ ਲਿਖਾਰੀ ਸਭਾ ਮੋਗਾ ਦੇ ਇਨਸਗਿਨੀਏ ਬਾਰੇ ਗੱਲ ਚੱਲੀ ਤਾਂ ਉਸ ਨੇ ਝਟ ਇੱਕ ਪੈਨਸਲਸਕੈੱਚ ਤਿਆਰ ਕਰ ਦਿੱਤਾ। ਸਾਰਿਆਂ ਵਲੋਂ ਉਹ ਸਕੈੱਚ ਸਲਾਹਿਆ ਗਿਆ। ਅਜਿਹੀ ਹੀ ਇਕ ਹੋਰ ਬੈਠਕ ਤੋਂ ਬਾਅਦ ਉਸ ਨੇ ਮੈਨੂੰ ਆਪਣੀ ਇਕ ਕਹਾਣੀ ਪੜ੍ਹਨ ਲਈ ਦਿੱਤੀ। ਕਹਾਣੀ ਪੜ੍ਹ ਕੇ ਮੈਂ ਉਸ ਨੂੰ ਕਿਹਾ, "ਹਰਬੀਰ, ਕਹਾਣੀ ਦਾ ਪਲਾਟ ਭਾਵੇਂ ਸਰਲ ਤੇ ਸਾਦਾ ਜਿਹਾ ਹੈ ਪਰ ਸ਼ੈਲੀ ਬਹੁਤ ਵਧੀਆ ਹੈ। ਚਿੱਤਰਕਾਰ ਦੇ ਨਾਲ ਨਾਲ ਤੂੰ ਇੱਕ ਚਗਾ ਲੇਖਕ ਵੀਹੈਂ।" ਜਦੋਂ ਵੀ ਅਸੀਂ ਕਿਸੇ ਫੰਕਸ਼ਨ ਵਿਚ ਇਕੱਠੇ ਹੁੰਦੇ, ਉਹ ਆਮ ਤੌਰ 'ਤੇ ਮੇਰੇ ਕੋਲ ਹੀ ਬੈਠਦਾ ਤੇ ਮੇਰੇ ਨਾਲ ਹੀ ਗੱਲਾਂ ਕਰਦਾ ਉਂਵ ਉਹ ਸੰਗਾਊ ਜਿਹਾ ਹੀ ਸੀ। ਇਸ ਤਰ੍ਹਾਂ ਅਸੀਂ ਕੁਝ ਕੁ ਮਿਲਣੀਆਂ ਵਿਚ ਹੀ ਦੋਸਤੀ ਵਾਲੇ ਪਾਸੇ ਕਦਮ ਵਧਾਉਣ ਲੱਗੇ। ਉਸ ਦੀਆਂ ਗੱਲਾਂ ਤੋਂ ਪਤਾ ਲੱਗਾ ਕਿ ਮੈਟ੍ਰਿਕ ਕਰਨ ਮਗਰੋਂ ਉਹ ਕੁੜੀਆਂ ਦੇ ਕਾਲਜ ਸਿਧਵਾਂ ਵਿਚ ਬੀ.ਐਡ. ਦੀਆਂ ਕਲਾਸਾਂ ਨੂੰ ਕੁਝ ਸਮਾਂ ਆਰਟਸ ਪੜ੍ਹਾਉਂਦਾ ਰਿਹਾ ਹੈ। ਉਹਦੇ ਬਹੁਤੇ ਨੇੜਲੇ ਅਧਿਆਪਕ ਸਾਥੀ ਉਸ ਦੇ ਚਿੱਤਰਕਾਰੀ ਦੇ ਸ਼ੌਂਕ ਨੂੰ ਉਤਸ਼ਾਹਿਤ ਕਰਦੇ ਰਹੇ ਅਤੇ ਉਸ ਕੋਲੋਂ ਆਪਣੇ ਸਕੂਲਾਂ ਦੀਆਂ ਕੰਧਾਂ ਉਪਰ ਮਾਟੋ ਲਿਖਵਾਉਂਦੇ ਰਹੇ।


ਹਰਬੀਰ ਦੀ ਖ਼ਿਤਰਤ ਹੈ ਜਿਹੜੀ ਗੱਲ ਉਸ ਦੇ ਮਨ ਵਿਚ ਇਕ ਵਾਰੀ ਆ ਜਾਵੇ,ਉਹ ਉਸ ਨੂੰ ਸਿਰੇ ਲਾ ਕੇ ਛੱਡਦਾ ਹੈ। ਉਸ ਸਮੇਂ ਉਹ ਉਸ ਗੱਲ ਦੇ ਨਖ਼ੇ ਨੁਕਸਾਨ ਬਾਰੇ ਬਿਲਕੁਲ ਨਹੀਂ ਸੋਚਦਾ। ਉਸ ਦੀ ਇਸ ਖ਼ਿਤਰਤ ਨੇ ਉਸ ਨੂੰ ਬੁਲਦੀਆਂ 'ਤੇ ਵੀ ਪਹੁਚਾਇਆ ਹੈ ਅਤੇ ਖ਼ਿਤਰਤ ਦੀ ਇਹ ਕਮਜ਼ੋਰੀ ਉਸਨੂੰ ਨਿਵਾਣਾਂ ਤਕ ਵੀ ਲੈ ਗਈ। ਹਰਬੀਰ ਦੇ ਮਨ 'ਚ ਆਈ ਕਿ ਚਿੱਤਰਕਾਰੀ ਵਿਚ ਨਿਪੁਨਤਾ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਕਿਸੇ ਮਹਾਨ ਚਿੱਤਰਕਾਰ ਦੀ ਸ਼ਾਗਿਰਦੀ ਕੀਤੀ ਜਾਵੇ। ਉਸ ਦੇ ਇਸ ਵਿਚਾਰ ਨੂੰ ਅਸੀਂ ਵੀ ਉਤਸਾਹਤ ਕੀਤਾ। ਉਸ ਨੇ ਕਈ ਨਾਮਵਰ ਚਿੱਤਰਕਾਰਾਂ ਨੂੰ ਆਪਣੇ ਮੰਤਵ ਬਾਰੇ ਚਿੱਠੀਆਂ ਲਿਖੀਆਂ ਪਰ ਕਿਸੇ ਵਲੋਂ ਵੀ ਕੋਈ ਜਵਾਬ ਨਾ ਆਇਆ। ਕੇਵਲ ਪ੍ਰਸਿੱਧ ਚਿਤਰਕਾਰ ਸ. ਸੋਭਾ ਸਿਘ ਤੋਂ ਉਸ ਨੂੰ ਹੁਗਾਰਾ ਮਿਲਿਆ ਅਤੇ ਉਹ ਅਦਰੇਟੇ (ਜ਼ਿਲਾ ਕਾਂਗੜਾ) ਚਲਾ ਗਿਆ। ਸ. ਸੋਭਾ ਸਿੰਘ ਦੀ ਹੌਸਲਾ ਅਫਜ਼ਾਈ ਅਤੇ ਪਹਾੜੀ ਵਾਤਵਰਣ ਰਾਸ ਆ ਜਾਣ 'ਤੇ ਉਸ ਨੇ ਅੰਦਰੇਟਾ ਰਹਿਣ ਲਈ ਆਪਣੀ ਬਦਲੀ ਕਰਵਾਉਣ ਦਾ ਫੈਸਲਾ ਕਰ ਲਿਆ। ਉਦੋਂ ਉਸ ਦਾ ਨਵਾਂ-ਨਵਾਂ ਹੀ ਵਿਆਹ ਹੋਇਆ ਸੀ। ਉਸ ਦੀ ਸੱਜ-ਵਿਆਹੀ ਪਤਨੀ (ਗੁਰ-ਚਰਨ) ਦੇ ਤਰਲੇ, ਸਾਥੀਆਂ ਦੀਆਂ ਦਲੀਲਾਂ ਅਤੇ ਮਾਪਿਆਂ ਦੀਆਂ ਨਸੀਹਤਾਂ ਦਾ ਉਸ ਉਪਰ ਕੋਈ ਅਸਰ ਨਾ ਹੋਇਆ।ਪਿਤਾ ਹਰਨਾਮ ਸਿੰਘ ਦੇ ਸਿਰ ਉਪਰ ਵੱਡੇ ਪਰਿਵਾਰ, ਸੱਤ ਪੁੱਤ ?? ਦੋ ਧੀਆਂ,ਦਾ ਭਾਰ ਸੀ। ਉਹ ਹੱਥੀਂ ਕਿਰਤ ਕਰ ਕੇ ਪਰਿਵਾਰ ਨੂੰ ਪਾਲ ਰਿਹਾ ਸੀ। ਉਹ ਅਜ਼ਾਦੀ ਘੁਲਾਟੀਆ ਸੀ ਪਰ ਉਸ ਨੇ ਨਾ ਹੀ ਸਰਕਾਰ ਤੋਂ ਕੋਈ ਆਰਥਿਕ ਲਾਭ ਦੀ ਆਸ ਰੱਖੀ ਅਤੇ ਨਾ ਹੀ ਆਪਣੇ ਬੱਚਿਆਂ ਤੋਂ। ਉਸ ਨੇ ਤਾਂ ਆਪਣੇ ਫਰਜ਼ ਦੀ ਪੂਰਤੀ ਕਰਦਿਆਂ ਬੱਚਿਆਂ ਨੂੰ ਚੰਗੀ ਵਿਦਿਆ ਦੁਆ ਕੇ ਰੁਜ਼ਗਾਰ ਸਿਰ ਕਰ ਦਿੱਤਾ ਸੀ। ਉਹ ਉਹਨਾਂ ਦੇ ਨਿੱਜੀ ਜੀਵਨ ਵਿਚ ਵੀ ਦਖਲ ਨਹੀਂ ਸੀ ਦਿੰਦਾ, ਪਰ ਜੇ ਕੋਈ ਗ਼ਲਤ ਰਾਹ 'ਤੇ ਜਾਂਦਾ ਦਿਸਦਾ ਤਾਂ ਉਸ ਨੂੰ ਨਸੀਅਤ ਜ਼ਰੂਰ ਦਿੰਦਾ ਕਿ 'ਇਹ ਰਾਹ ਠੀਕ ਨਹੀਂ", ਭਾਵੇਂ ਕੋਈ ਮੰਨੇ ਜਾਂ ਨਾ ਮੰਨੇ। ਹਰਬੀਰ ਨੇ ਵੀ ਪਿਤਾ ਦੀ ਨਸੀਅਤ ਨੂੰ ਅਣਗੌਲਿਆ ਕਰ ਕੇ 1963 ਵਿਚ ਆਪਣੀ ਬਦਲੀ ਜ਼ਿਲਾ ਕਾਂਗੜਾ ਵਿਚ ਕਰਵਾ ਕੇ ਰਹਾਇਸ਼ ਅਦਰੇਟੇ ਰੱਖ ਲਈ ਸੀ। ਜ਼ਿਲਾ ਕਾਂਗੜਾ ਉਦੋਂ ਪੰਜਾਬ ਦਾ ਹੀ ਹਿੱਸਾ ਹੁਦਾ ਸੀ। ਬਦਲੀ ਅਦਰੇਟੇ ਤੋਂ ਦਸ ਕਿਲੋ ਮੀਟਰ ਦੂਰ, ਗੌਰਮਿਟ ਹਾਈ ਸਕੂਲ ਪਪਰੋਲਾ ਦੀ ਹੋਈ। ਪਹਾੜੀ ਇਲਾਕਾ, ਅਦਰੇਟੇ ਤੋਂ ਪੈਦਲ ਤੁਰ ਕੇ ਜਾਣਾ, ਥੱਕ ਕੇ ਚੂਰ ਹੋ ਜਾਣਾ ਪਰ ਉਸ ਨੇ ਸਿਰੜ ਤੇ ਸਾਧਨਾ ਨਾ ਛੱਡੀ। ਭਾਵੇਂ ਚਿੱਤਰਕਾਰੀ ਲਈ ਸਮਾਂ ਘੱਟ ਨਿਕਲਦਾ ਪਰ ਦਾਰ ਜੀ (ਸ. ਸੋਭਾ ਸਿਘ) ਲਈ ਹਾਜ਼ਰੀ ਜ਼ਰੂਰ ਭਰਦਾ। ਨਾਲ-ਨਾਲ ਆਪਣੀ ਪੜ੍ਹਾਈ ਵੀ ਜਾਰੀ ਰੱਖੀ ਅਤੇ ਪੰਜਾਬੀ ਦੀ ਐਮ. ਏ. ਪਾਸ ਕਰ ਗਿਆ।

1966 ਮਗਰੋਂ ਹਿਮਾਂਚਲ ਪ੍ਰਦੇਸ਼ ਦੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਦੀਆਂ ਪੋਸਟਾਂ ਹੀ ਖਤਮ ਕਰ ਦਿੱਤੀਆਂ ਗਈਆਂ ਸਨ ਅਤੇ ਦੂਜੀ ਭਾਸ਼ਾ ਉਰਦੂ ਪੜ੍ਹਾਈ ਜਾਣ ਲੱਗ ਪਈ ਸੀ, ਜਿਸ ਕਾਰਨ ਪੰਜਾਬੀ ਵਾਲੀਆਂ ਪੋਸਟ ਪੰਜਾਬ ਵਿਚ ਚਲੀਆਂ ਗਈਆਂ। ਕਿਉਂਕਿ ਹਰਬੀਰ ਪੰਜਾਬੀ ਅਧਿਆਪਕ ਸੀ, ਉਸ ਨੂੰ ਵੀ ਪੰਜਾਬ ਆਉਣਾ ਪਿਆ। ਉਹ ਦਸੰਬਰ 1968 ਵਿਚ ਸੰਗਰੂਰ ਜ਼ਿਲੇ ਦੇ ਹਾਈ ਸਕੂਲ ਦੱਧਾਹੂਰਪੜ੍ਹਾਉਣ ਜਾ ਲੱਗਾ। ਕਿਉਂਕਿ ਪਰਿਵਾਰ ਤਾਂ ਪਿੱਛੇ ਅੰਦਰੇਟੇ ਹੀ ਸੀ ਸੋ ਉਹ ਆਪਣੀ ਬਾਰਾਂ ਤੇਰਾਂ ਸਾਲ ਦੀ ਨੌਕਰੀ ਨੂੰ ਲੱਤ ਮਾਰ ਕੇ 1970 ਵਿਚ ਆਪਣੀ ਅਧਿਆਪਕ ਵਾਲੀ ਨੌਕਰੀ ਤੋਂ ਅਸਤੀਫਾ ਦੇ ਕੇ ਅੰਦਰੇਟੇ ਆ ਗਿਆ। ਜੇ ਉਹ ਸੱਤ ਕੁ ਸਾਲ ਹੋਰ ਨੌਕਰੀ ਕਰਦਾ ਤਾਂ ਪੈਨਸ਼ਨ ਦਾ ਹੱਕਦਾਰ ਬਣ ਸਕਦਾ ਸੀ। ਦਾਰ ਜੀ ਦੀ ਸਫਾਰਸ਼ ਨਾਲ ਉਸ ਨੂੰ ਪਾਲਮ-ਪੁਰ ਯੂਨੀਵਰਸਿਟੀ ਵਿਚ ਆਡੀਟਰ ਦੀ ਨੌਕਰੀ ਮਿਲ ਗਈ। ਉਹ ਉਸ ਨੌਕਰੀ ਤੋਂ ਵੀ ਸੰਤੁਸ਼ਟ ਨਹੀਂ ਸੀ। ਪਰ ਦਾਰ ਜੀ ਤੇ ਉਹਨਾਂ ਦੀ ਪਤਨੀ ਦੀ ਸੇਵਾ ਕਰਨ ਵਿਚ ਹਰਬੀਰ ਤੇ ਉਸ ਦੀ ਪਤਨੀ ਗੁਰਚਰਨ ਕੌਰ ਨੂੰ ਸੰਤੁਸ਼ਟੀ ਮਿਲਦੀ ਸੀ। ਉਹਨਾਂ ਦੰਪਤੀ ਦੀ ਸੇਵਾ ਕਰਨ ਵਿਚ ਕੋਈ ਕਸਰ ਨਾ ਛੱਡੀ। ਇਥੋਂ ਤਕ ਕਿ ਦਾਰ ਜੀ ਦੀ ਪਤਨੀ, ਸਰਦਾਰਨੀ ਇੰਦਰ ਕੌਰ ਦੀ ਬਿਮਾਰੀ ਸਮੇਂ ਗੁਰਚਰਨ ਕੌਰ ਨੇ ਰਾਤਾਂ ਝਾਗ ਕੇ ਵੀ ਸੇਵਾ ਕੀਤੀ ਅਤੇ ਉਹਨਾਂ ਦੀ ਮੌਤ ਹੋਣ 'ਤੇ ਸਾਰੀਆਂ ਰਸਮਾਂ ਦੋਹਾਂ ਜੀਆਂ ਨੇ ਨਿਭਾਈਆਂ। ਸਰਦਾਰਨੀ ਜੀ ਦੀ ਮੌਤ ਮਗਰੋਂ ਦਾਰ ਜੀ ਨੇ ਹਰਬੀਰ ਦੀ ਪਤਨੀ ਗੁਰਚਰਨ ਕੌਰ ਨੂੰ ਆਪਣੀ ਵਾਰਸ ਬਣਾ ਲਿਆ ਅਤੇ ਭੰਵਰ ਪਰਿਵਾਰ ਦਾਰ ਜੀ ਨਾਲ ਇਕ ਪਰਿਵਾਰ ਦੇ ਰੂਪ ਵਿਚ ਰਹਿਣ ਲੱਗਾ।

ਹਰਬੀਰ ਦੀਆਂ ਆਪਣੀਆਂ ਅਕਾਂਖਿਆਵਾਂ ਸਨ। ਉਹ ਉੱਚ ਵਿਦਿਆ ਪ੍ਰਾਪਤ ਕਰ ਕੇ ਕੁਝ ਬਣਨਾ ਚਾਹੁੰਦਾ ਸੀ, ਉਹ ਚਿੱਤਰਕਾਰੀ ਵਿਚ ਵੀ ਆਪਣਾ ਨਾਮ ਬਣਾਉਣਾ ਚਾਹੁੰਦਾ ਸੀ ਅਤੇ ਸਾਹਿਤ ਦੇ ਪਿੜ ਵਿਚ ਵੀ ਨਾਮਣਾ ਖੱਟਣਾ ਚਾਹੁੰਦਾ ਸੀ, ਪਰ ਨਿੱਤ ਅਠਾਰਾਂ ਵੀਹ ਕਿਲੋਮੀਟਰ ਦਾ ਪਹਾੜੀ ਸਫਰ ਉਸ ਦੀ ਭੂਤਨੀ ਭੁਲਾਈ ਰਖਦਾ। ਫਿਰ ਵੀ ਉੱਚ ਵਿਦਿਆ ਤਾਂ ਪ੍ਰਾਪਤ ਕਰ ਹੀ ਗਿਆ ਸੀ ਉਹ। ਪਰ ਨਾ ਉਹ ਚੰਗਾ ਚਿੱਤਰਕਾਰ ਬਣ ਸਕਿਆਅਤੇ ਨਾ ਹੀ ਨਾਮਵਰ ਸਾਹਿਤਕਾਰ। ਹੁਣ ਉਸ ਦੇ ਦਿਲ ਵਿਚ ਪੱਤਰਕਾਰੀ ਦੇ ਪਿੜ ਵਿਚ ਆਉਣ ਦੀ ਖਾਹਸ਼ ਪੈਦਾ ਹੋ ਗਈ ਸੀ। ਉਹ ਪਟਿਆਲਾ ਯੂਨੀਵਰਸਿਟੀ ਵਿਚ ਜਰਨਲਿਜ਼ਮ ਦੀ ਡਿਗਰੀ ਕਰਨੀ ਚਾਹੁੰਦਾ ਸੀ। ਗੁਰਚਰਨ ਤੇ ਦਾਰ ਜੀ ਇਸ ਦੇ ਹੱਕ ਵਿਚ ਨਹੀਂ ਸਨ। ਦਾਰ ਜੀ ਦਾ ਵਿਚਾਰ ਸੀ ਕਿ ਉਸ ਕੋਲ ਚੰਗੀ ਨੌਕਰੀ ਹੈ। ਹਰ ਰੋਜ਼ ਘਰ ਆ ਜਾਂਦਾ ਹੈ। ਉਸ ਨੂੰ ਚਾਹੀਦਾ ਹੈ ਕਿ ਆਪਣੀ ਡਿਊਟੀ ਮਗਰੋਂ ਘਰ ਆ ਕੇ ਉਹਨਾਂ ਨਾਲ ਹੱਥ ਵਟਾਇਆ ਕਰੇ। ਹਰਬੀਰ ਦਾ ਆਪਣਾ ਤਰਕ ਸੀ। ਉਹ ਸਮਝਦਾ ਸੀ ਕਿ ਬੋਹੜ ਦੇ ਦਰਖਤ ਹੇਠ ਹੋਰ ਕੋਈ ਦਰਖਤ ਨਹੀਂ ਮੌਲ ਸਕਦਾ। ਉਹ ਦਾਰ ਜੀ ਨੂੰ ਇਕ ਵਿਸ਼ਾਲ ਬੋਹੜ ਦੀ ਨਿਆਈ ਸਮਝਣ ਲੱਗ ਪਿਆ ਸੀ ਜਿੱਥੇ ਉਹਦੀ ਆਪਣੀ ਵੁੱਕਤ ਕੋਈ ਨਹੀਂ ਸੀ।ਉਹ ਆਪਣੇ ਬਲ ਬੂਤੇ ਅਗਾਂਹ ਵਧਣਾ ਚਾਹੁੰਦਾ ਸੀ। ਇਸੇ ਲਈ ਹੀ ਉਹ ਜਰਨਲਿਜ਼ਮ ਕਰਨੀ ਚਾਹੁੰਦਾ ਸੀ। ਮੇਰੀ ਰਾਏ ਵੀ ਇਹ ਸੀ ਕਿ ਉਸ ਨੂੰ ਜਰਨਲਿਜ਼ਮ ਵਿਚ ਦਾਖਲਾ ਲੈ ਲੈਣਾ ਚਾਹੀਦਾ ਹੈ। ਇਸ ਸੰਦਰਭ ਵਿਚ ਗੁਰਚਰਨ ਨਾਲ ਮੇਰੀ ਗੱਲ ਬਾਤ ਹੋਈ ਤਾਂ ਉਹ ਹਰਬੀਰ ਦੀ ਅਗਲੇਰੀ ਪੜ੍ਹਾਈ ਲਈ ਸਹਿਮਤ ਹੋ ਗਈ ਅਤੇ ਹਰਬੀਰ ਆਪਣੀ ਨੌਕਰੀ ਤੋਂ ਇਕ ਸਾਲ ਦੀ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾਖਲ ਹੋ ਗਿਆ।

ਪਟਿਆਲੇ ਤੋਂ ਆਪਣੀ ਜਰਨਲਿਜ਼ਮ ਦੀ ਡਿਗਰੀ ਪੂਰੀ ਕਰ ਕੇ ਹਰਬੀਰ ਮੁੜ ਆਪਣੀ ਯੂਨੀਵਰਸਿਟੀ ਵਾਲੀ ਨੌਕਰੀ ਕਰਨ ਲੱਗ ਪਿਆ ਅਤੇ ਨਾਲ ਹੀ ਅੰਗ੍ਰੇਜ਼ੀ ਦੇ ਅਖਬਾਰ 'ਇੰਡੀਅਨ ਐਕਸਪ੍ਰੈਸ ਦਾ ਰਿਪੋਰਟਰ ਬਣ ਗਿਆ। ਉਹਨਾਂ ਦਿਨਾਂ (ਮਾਰਚ1978) ਵਿਚ ਹੀ ਉਸ ਨੇ ਹਿਮਾਂਚਲ ਦੀ ਹੋਲੀ ਦਾ ਤਿਉਹਾਰ ਦਿਖਾਉਣ ਲਈ ਮੈਨੂੰ ਸੱਦਾ ਪੱਤਰ ਭੇਜਿਆ ਸੀ। ਮੈਂ ਉਸ ਤਿਉਹਾਰ ਦਾ ਬੜਾ ਅਨੰਦ ਮਾਣਿਆ ਅਤੇ ਉਸ ਬਾਰੇ ਇਕ ਲੇਖ ਵੀ ਲਿਖਿਆ 'ਰੰਗਾਂ ਦੇ ਚਤੇਰੇ ਸੰਗ ਰੰਗੋਲੀ' ਜਿਹੜਾ ਪ੍ਰੋ. ਗੁਰਭਜਨ ਗਿੱਲ ਤੇ ਪੁਰਦਮਨ ਸਿੰਘ ਬੇਦੀ ਵਲੋਂ ਸੰਪਾਦਿਤ ਕੀਤੇ ਦਾਰ ਜੀ ਦੇ 'ਸਿਮ੍ਰਤੀ ਗ੍ਰੰਥ' ਵਿਚ ਛਪਿਆ। ਉਸ ਦਿਨ ਹੀ ਹਰਬੀਰ ਨੇ ਮੇਰੇ ਕੋਲ ਆਪਣੀ ਮੁਹੱਬਤ ਦੀ ਸ਼ੁਰਆਤ ਦਾ ਜ਼ਿਕਰ ਕੀਤਾ। ਖੈਰ! ਇਕ ਪਾਸੜ ਮੁਹੱਬਤ ਦਾ ਜ਼ਿਕਰ ਤਾਂ ਉਸ ਬਹੁਤ ਪਹਿਲਾਂ ਹੀ ਕੀਤਾ ਸੀ ਪਰ ਕਥਿਤ ਮਾਸ਼ੂਕਾ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੰਦੀ। ਗੁਰਚਰਨ ਦੀ ਉਹ ਗੂੜ੍ਹੀ ਸਹੇਲੀ ਬਣੀ ਹੋਈ ਸੀ ਅਤੇ ਹਰਬੀਰ ਨੂੰ ਉਹ ਜੀਜਾ ਜੀ ਕਹਿਣ ਲੱਗ ਪਈ ਸੀ। ਮੈਂ ਹਰਬੀਰ ਨੂੰ ਪਿਆਰ ਮੁਹੱਬਤ ਦੇ ਰਾਹ ਪੈਣ ਤੋਂ ਸਾਵਧਾਨ ਕਰਦਾ ਰਿਹਾ ਸੀ। ਪਰ ਜਦੋਂ ਹਰਬੀਰ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਗੁਰਚਰਨ ਦਾਰ ਜੀ ਵਲ ਵੱਧ ਧਿਆਨ ਦੇਣ ਲੱਗੀ ਹੈ ਅਤੇ ਉਸ ਦੀ ਪਰਵਾਹ ਨਹੀਂ ਕਰਦੀ ਤਾਂ ਉਹ ਉਸ ਅਧਿਆਪਕਾ ਵਲ ਹੋਰ ਰੁਚਿਤ ਹੋਣ ਲੱਗਾ। ਅਖੀਰ ਉਸ ਨੂੰ ਦੂਜੇ ਪਾਸਿਉਂ ਹੁੰਗਾਰਾ 1977 ਵਿਚ ਹੋਲੀ ਵਾਲੇ ਦਿਨ ਮਿਲ ਗਿਆ ਸੀ। ਜਿਸ ਬਾਰੇ ਉਸ ਨੇ ਮੈਨੂੰ ਇਕ ਚਿੱਠੀ ਵਿਚ ਸਾਰਾ ਵੇਰਵਾ ਬਿਆਨ ਕਰ ਦਿੱਤਾ ਸੀ। ਹਰਬੀਰ ਨੂੰ ਮੈਂ ਬਹੁਤ ਵਰਜਿਆ ਪਰ ਉਹ ਅਗਾਂਹ ਹੀ ਅਗਾਂਹ ਵਧਦਾ ਗਿਆ।

ਫਿਰ ਜਦੋਂ ਹਰਬੀਰ ਆਪਣੀ ਯੂਨੀਵਰਸਿਟੀ ਵਾਲ ਨੌਕਰੀ ਤੋਂ ਅਸਤੀਫ਼ਾ ਦੇ ਕੇ ਇੰਡੀਅਨ ਐਕਸਪ੍ਰੈਸ



ਹਰਬੀਰ ਸਿਘ ਭਵਰ

ਦਾ ਸਟਾਫ ਰਿਪੋਰਟਰ ਬਣ ਕੇ ਅੰਮ੍ਰਿਤਸਰ ਚਲਾ ਗਿਆ ਤਾਂ ਪਰਿਵਾਰ ਵਿਚ ਤਕਰਾਰ ਹੋਰ ਵੱਧ ਗਿਆ। ਹਰਬੀਰ ਚਾਹੁੰਦਾ ਸੀ ਕਿ ਗੁਰਚਰਨ ਉਸ ਕੋਲ ਆ ਕੇ ਅਮ੍ਰਿਤਸਰ ਰਹੇ। ਗੁਰਚਰਨ ਕਿਸੇ ਵੀ ਸੂਰਤ ਵਿਚ ਦਾਰ ਜੀ ਨੂੰ ਇਕੱਲਿਆਂ ਛੱਡ ਕੇ ਅੰਮ੍ਰਿਤਸਰ ਨਹੀਂ ਸੀ ਆਉਣਾ ਚਾਹੁੰਦੀ। ਗੁਰ-ਚਰਨ ਦੇ ਸੱਦੇ 'ਤੇ ਮੈਂ ਅੰਦਰੇਟੇ ਗਿਆ ਸੀ। ਮੇਰੀ ਦਾਰ ਜੀ ਨਾਲ ਵੀ ਗੱਲ ਬਾਤ ਹੋਈ ਸੀ। ਉਹਨਾਂ ਤਾਂ ਸਪਸ਼ਟ ਕਹਿ ਦਿੱਤਾ ਸੀ ਕਿ ਜੇ ਗੁਰਚਰਨ ਅੰਮ੍ਰਿਤਸਰ ਜਾ ਕੇ ਰਹਿਣਾ ਚਾਹੁੰਦੀ ਹੈ ਤਾਂ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਹ ਪਹਿਲਾਂ ਵੀ ਇਕੱਲੇ ਰਹਿੰਦੇ ਰਹੇ ਹਨ, ਹੁਣ ਵੀ ਉਹ ਇਕੱਲੇ ਰਹਿ ਸਕਣਗੇ। ਸੱਚੀ ਗੱਲ ਤਾਂ ਇਹ ਹੈ, ਇਹ ਮੈਂ ਵੀ ਨਹੀਂ ਸੀ ਚਾਹੁੰਦਾ ਕਿ ਅੱਸੀ ਸਾਲ ਦੀ ਉਮਰ ਨੂੰ ਢੁੱਕੇ ਦਾਰ ਜੀ ਨੂੰ ਨੌਕਰਾਂ ਦੇ ਸਿਰ 'ਤੇ ਛੱਡਿਆ ਜਾਵੇ। ਮੈਂ ਗੁਰਚਰਨ ਨੂੰ ਹਰਬੀਰ ਦੇ ਅਧਿਆਪਕਾ ਨਾਲ ਸਬੰਧਾਂ ਬਾਰੇ ਵੀ ਦੱਸ ਦਿੱਤਾ ਜਿਸ ਦਾ ਕਿ ਉਸ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਅਤੇ ਉਸ ਨੇ ਅਧਿਆਪਕਾ ਨੂੰ ਧਮਕਾਇਆ ਵੀ ਸੀ। ਹਾਲਾਤ ਦੀ ਗੰਭੀਰਤਾ ਨੂੰ ਸਮਝ ਕੇ ਮੈਂ ਗੁਰਚਰਨ ਨੂੰ ਇਸ ਗੱਲ 'ਤੇ ਜ਼ੋਰ ਪਾਇਆ ਕਿ ਉਹ ਹਫਤੇ, ਦੋ ਹਫਤੇ ਮਗਰੋਂ ਕੁਝ ਦਿਨਾਂ ਲਈ ਹਰਬੀਰ ਕੋਲ ਰਹਿ ਆਇਆ ਕਰੇ। ਉਹ ਇਸ ਗੱਲ ਨੂੰ ਮੰਨ ਵੀ ਗਈ ਸੀ ਅਤੇ ਹਰਬੀਰ ਵੀ ਸਹਿਮਤ ਹੋ ਗਿਆ ਸੀ। ਫਿਰ ਹਾਲਾਤ ਐਸੇ ਬਣੇ ਕਿ ਅਧਿਆਪਕਾ ਦੇ ਅੰਮ੍ਰਿਤਸਰ ਦੇ ਗੇੜੇ ਵਧਦੇ ਗਏ ਅਤੇ ਗੁਰਚਰਨ ਨੇ ਅੰਮ੍ਰਿਤਸਰ ਜਾਣਾ ਛੱਡ ਦਿੱਤਾ। ਮੈਂ ਹਰਬੀਰ ਨੂੰ ਬਹੁਤ ਸਮਝਾਇਆ ਕਿ ਜਿਹੜੇ ਰਾਹ ਉਹ ਤੁਰ ਪਿਆ ਹੈ, ਉਹ ਖੁੰਢੀਆਂ ਛੁਰੀਆਂ ਵਾਲਾ ਰਾਹ ਹੈ। ਜਿਹੜਾ ਇਸ ਰਾਹ ਤੁਰਿਆ, ਉਹ ਲਹੂ ਲੁਹਾਨ ਹੀ ਹੋਇਆ। ਉਸ ਨੂੰ ਇਹ ਰਾਹ ਤਿਆਗ ਦੇਣਾ ਚਾਹੀਦਾ ਹੈ। ਉਸ ਨੂੰ ਭਵਿਖਤ ਵਿਚ ਆਉਣ ਵਾਲੀਆਂ ਮਸੀਬਤਾਂ ਤੋਂ ਜਾਣੂ ਵੀ ਕਰਵਾਇਆ ਪਰ ਉਸ ਦੇ ਸਿਰ ਉਪਰ ਇਸ਼ਕ ਦਾ ਭੂਤ ਸਵਾਰ ਸੀ। ਉਸ ਮੇਰੀਆਂ ਦਲੀਲਾਂ ਦਾ ਜਵਾਬ ਦੇਣ ਦੀ ਥਾਂ ਉਲਟਾ ਜਸਵੰਤ ਸਿੰਘ ਕੰਵਲ ਦੇ ਇਸ਼ਕ ਦਾ ਕਿੱਸਾ ਛੁਹ ਲਿਆ ਜਿਹੜਾ ਉਹਨਾਂ ਦਿਨਾਂ ਵਿਚ ਹੀ ਆਪਣੀ ਮਾਸ਼ੂਕ, ਡਾਕਟਰ ਜਸਵੰਤ ਗਿੱਲ ਨੂੰ ਆਪਣੇ ਪਿੰਡ, ਢੁੱਡੀ ਕੇ ਲੈ ਆਏ ਸਨ।ਉਹਨਾਂ ਦੇ ਪਰਿਵਾਰ ਨੇ ਕੋਈ ਵਿਰੋਧ ਨਹੀਂ ਸੀ ਕੀਤਾ। ਉਸ ਨੇ ਕਿਸੇ ਦੀ ਨਹੀਂ ਸੁਣੀ ਤੇ ਆਪਣੇ ਮਨ ਆਏ ਰਾਹ 'ਤੇ ਤੁਰਦਾ ਰਿਹਾ।

ਹਰਬੀਰ ਸਿਘ ਵਿੱਚ ਜਿੱਥੇ ਨਿਮਰਤਾ, ਸੱਚਾਈ, ਇਮਾਨਦਾਰੀ, ਲੋਕ ਸੇਵਾ ਦੀ ਲਗਨ ਅਤੇ ਸਵੈਮਾਨ ਹੈ ਉੱਥੇ ਆਕੜ, ਗੁੱਸਾ ਤੇ ਜ਼ਿੱਦ ਵੀ ਬਹੁਤ ਹੈ। ਦਾਰ ਜੀ ਨਾਲ ਕਈ ਗੱਲਾਂ 'ਤੇ ਮਤਭੇਦ ਕਾਰਨ ਦੋਨਾਂ ਦੀ 'ਈਗੋ' ਦੀ ਲੜਾਈ ਜਾਂ 'ਸ਼ਖ਼ਸੀਅਤ ਦੀ ਲੜਾਈ' ਅਜਿਹੀ ਵਿਗੜੀ ਕਿ ਘਰੇਲੂ ਜੀਵਨ ਤੀਲਾ-ਤੀਲਾ ਹੋ ਗਿਆ। ਦੋਨਾਂ ਦਾ ਇਹ ਟਕਰਾਅ ਦੋ ਪੀੜ੍ਹੀਆਂ ਦੀ ਲੜਾਈ ਵੀ ਸੀ,ਜਿਸ ਦੀ ਸਭ ਤੋਂ ਵੱਧ ਸਜ਼ਾ ਉਸਦੇ ਇੱਕਲੌਤੇ ਪੁੱਤਰ ਹਿਰਦੇਪਾਲ ਸਿਘ ਨੂੰ ਭੁਗਤਣੀ ਪਈ ਜਿਸ ਨੂੰ ਬਚਪਨ ਵਿੱਚ ਹੀ ਅਨੇਕਾਂ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਮੱਸਿਆ ਵਾਂਗ ਹਰਬੀਰ ਦਾ ਘਰੇਲੂ ਜੀਵਨ ਬੜਾ ਹੀ ਗੁਝਲਦਾਰ ਬਣ ਗਿਆ। ਜਿਸਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ। ਉਹ ਖ਼ੁਦ ਅਤੇ ਸਾਰੇ ਭੈਣ ਭਰਾ, ਨੇੜਲੇ ਰਿਸ਼ਤੇਦਾਰ ਅਤੇ ਦੋਸਤ ਬੜੇ ਹੀ ਪ੍ਰੇਸ਼ਾਨ ਹਨ। ਉਸ ਦੀ ਇੱਕ ਸਿਖ਼ਤ ਵੀ ਹੈ, ਉਸ ਵਿੱਚ ਖ਼ੈਸਲਾ ਕਰਨ ਦੀ ਸ਼ਕਤੀ ਹੈ। ਭਾਵੇਂ ਕਿਨਾ ਹੀ ਪ੍ਰੇਸ਼ਾਨ ਹੋਏ ਤੇ ਕਿਸ ਤਰਾਂ ਦੇ ਹਾਲਾਤ ਹੋਣ ਉਹ ਦੁਚਿੱਤੀ ਵਿੱਚ ਨਹੀਂ ਰਹਿਦਾ। ਸਭ ਪੱਖ ਸੋਚ ਕੇ ਇਕ ਦਮ ਕੋਈ ਖ਼ੈਸਲਾ ਕਰ ਲੈਂਦਾ ਹੈ ਅਤੇ ਉਸ ਖ਼ੈਸਲੇ 'ਤੇ (ਭਾਵੇਂ ਖ਼ੈਸਲਾ ਗ਼ਲਤ ਹੀ ਹੋਏ) ਪਹਿਰਾ ਦਿਦਾ ਹੈ। ਇਹ ਉਸਦੇ ਅੜੀਅਲ ਸੁਭਾਅ ਦੀ ਨਿਸ਼ਾਨੀ ਵੀ ਹੈ।

ਮੈਂ ਹਰਬੀਰ ਨੂੰ ਬੱਚਿਆਂ ਵਾਂਗ ਰੋਂਦਿਆਂ, ਹੱਸਦਿਆਂ, ਗੁੱਸੇ ਅਤੇ ਨਖ਼ਰਤ ਵਿੱਚ ਅੱਗ-ਬਗੋਲਾ ਹੁਦਿਆਂ ਦੇਖਿਆ ਹੈ। ਉਸਨੂੰ ਅਦਰੋਂ-ਬਾਹਰੋਂ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਉਸ ਦਾ ਛੋਟਾ ਬੇਟਾ ਬਿੱਟੂ ਅਦਰੇਟੇ ਦਾਰ ਜੀ ਦੀ ਕੋਠੀ ਵਿਚਲੀ ਤਲਾਈ ਵਿੱਚ ਡੁੱਬ ਕੇ ਸਦਾ ਲਈ ਤੁਰ ਗਿਆ ਤਾਂ ਦਾਰ ਜੀ ਦੇ ਧਰਵਾਸ ਨੇ ਗੁਰਚਰਨ ਨੂੰ ਤਾਂ ਸਹਿਣਸ਼ੀਲ ਬਣਾ ਦਿੱਤਾ ਪਰ ਹਰਬੀਰ ਦੀਆਂ ਧਾਹਾਂ ਕਿਸੇ ਦੇ ਰੋਕਿਆਂ ਨਹੀਂ ਸੀ ਰੁਕਦੀਆਂ। ਗੁਰ-ਚਰਨ ਦੇ ਆਪਣੇ ਹਝੂ ਤ੍ਰਿਪ-ਤ੍ਰਿਪ ਕਿਰਦੇ ਰਹਿਦੇ। ਜਦੋਂ ਬੀਬੀ ਇਦਰ ਕੌਰ (ਸੁਪਤਨੀ ਸ. ਸੋਭਾ ਸਿਘ) 15 ਜਨਵਰੀ, 1967 ਨੂੰ ਸੁਰਗਵਾਸ ਹੋਏ ਤਾਂ ਹਝੂਆਂ ਦੀ ਝੜੀ ਵਿੱਚ ਹੀ ਉਸਨੇ ਸਾਰੀਆਂ ਅਤਮ ਰਸਮਾਂ ਪੂਰੀਆਂ ਕੀਤੀਆਂ ਸਨ (ਦਾਰ ਜੀ ਉਸ ਸਮੇਂ ਚਡੀਗੜ ਗਏ ਹੋਏ ਸਨ)। ਅਦਰੇਟਾ ਛੱਡ ਕੇ ਜਦੋਂ ਉਹ ਅਮ੍ਰਿਤਸਰ ਆਇਆ ਤਾਂ ਉਦੋਂ ਵੀ ਉਹ ਰੋਇਆ ਸੀ।

ਹਰਬੀਰ ਦੀ ਧਾਰਨਾ ਹੈ ਕਿ ਆਪਣੀ ਸੋਚ ਕੋਈ ਵੀ ਹੋਏ ਪੱਤਰਕਾਰੀ ਵਿੱਚ ਨਿਰਪੱਖ ਰਹਿਣਾ ਚਾਹੀਦਾ ਹੈ। ਉਹ ਇਸ ਧਾਰਨਾ 'ਤੇ ਪੂਰਾ ਉਤਰਦਾ ਆਇਆ ਹੈ। ਇਸ ਲਈ ਉਸ ਨੇ ਮੁਸ਼ਕਿਲਾਂ ਵੀ ਬੜੀਆਂ ਝੱਲੀਆਂ ਹਨ। ਨਹੀਂ ਤਾਂ ਆਮ ਪੱਤਰਕਾਰਾਂ ਵਾਂਗ ਅਨੇਕਾਂ ਖ਼ਾਇਦੇ ਉਠਾ ਸਕਦਾ ਸੀ।ਪਰ ਉਹ ਆਪਣੀ ਵਿਚਧਾਰਾ 'ਤੇ ਅਡੋਲ ਚਲਦਾ ਰਿਹਾ। ਜਦੋਂ ਅਮ੍ਰਿਤਸਰ ਅੰਗ੍ਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਦਾ ਸਟਾਫ ਰਿਪੋਟਰ ਸੀ ਤਾਂ ਉਹਨਾਂ ਨਿਰਪੱਖ ਪੱਤਰਕਾਰੀ ਨੂੰ ਇੰਜਾਮ ਦੇਣ ਦੀ ਥਾਂ ਆਪਣੀ ਪਾਲਿਸੀ ਅਨੁਸਾਰ ਚਲਾਉਣਾ ਚਾਹਿਆ ਤਾਂ ਉਸ ਨੇ ਅਸਤੀਫਾ ਦੇਣ ਵਿਚ ਇਕ ਮਿੰਟ ਵੀ ਨਹੀਂ ਸੀ ਲਾਇਆ।

ਹਰਬੀਰ ਨੇ ਇੰਡੀਅਨ ਐਕਸਪ੍ਰੈਸ ਅਖਬਾਰ ਤੋਂ ਅਸਤੀਫਾ ਦਿੱਤਾ ਤਾਂ ਸ. ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਨੇ ਉਸ ਨੂੰ ਸ਼੍ਰੋਮਣੀ ਗੁਰਦ-ਵਾਰਾ ਪ੍ਰਬਧਕ ਕਮੇਟੀ ਦੇ ਲੋਕ ਸਪਰਕ ਅਖ਼ਸਰ ਬਣਾ ਦਿੱਤਾ। ਓਥੇ ਉਸ ਨੇ ਚਾਰ ਕੁ ਵਰ੍ਹੇ ਕਮ ਕੀਤਾ। ਇਸਦੇ ਨਾਲ ਨਾਲ ਹੀ ਖ਼ਬਰ ਏਜਸੀ ਯੂ.ਐਨ.ਆਈ. ਤੇ ਯਪੀ ਆਈ ਤੇ ਬੀਬੀਸੀਲਈ ਕਮ ਕਰਦਾ ਰਿਹਾ। ਸ਼੍ਰੋਮਣੀ ਕਮੇਟੀ ਦੀ ਨੌਕਰੀ ਨੇ ਉਸ ਨੂੰ ਸਿੱਖ ਸਿਆਸਤ ਵਿੱਚ ਨਿਪੁਨ ਬਣਾ ਦਿੱਤਾ ਸੀ।

ਫਿਰ ਉਹ ਅਮ੍ਰਿਤਸਰ ਵਿਚ ਹੀ ਟਿਰੀਬਿਊਨ ਅਖਬਾਰ ਦਾ ਸਟਾਫ ਰਿਪੋਰਟ ਬਣ ਗਿਆ। ਉਸ ਸਮੇਂ ਧਰਮ ਯੁੱਧ ਮੋਰਚਾ ਡਿਕਟੇਟਰ ਸਤ ਹਰਚਦ ਸਿਘ ਲੌਂਗੋਵਾਲ ਦੀ ਜੀਵਨੀ 'ਪੰਜਾਬ ਦਾ ਲੋਕ ਨਾਇਕ' ਲਿਖਣ ਵਿੱਚ ਰੁਝਿਆ ਹੋਣ ਕਰਕੇ ਉਸ ਦੀ ਰਿਹਾਇਸ਼ ਸ਼੍ਰੀ ਦਰਬਾਰ ਸਾਹਿਬ ਕਪਲੈਕਸ ਅਦਰ ਹੀ ਸੀ। ਨੀਲਾ ਤਾਰਾ ਕਾਰਵਾਈ ਦੌਰਾਨ ਉਸ ਦਾ ਆਪਣਾ ਸਾਰਾ ਘਰ ਬਾਰ ਲੁੱਟਿਆ ਗਿਆ। ਜਿਹੜਾ ਸਤਾਪ ਅਮ੍ਰਿਤਸਰ ਅਤੇ ਸਾਰੇ ਪੰਜਾਬ ਨੇ 1984 ਵਿੱਚ ਭੋਗਿਆ, ਉਹ ਹਰਬੀਰ ਸਿਘ ਨੇ 'ਡਾਇਰੀ ਦੇ ਪੰਨੇ' ਦੇ ਰੂਪ ਵਿੱਚ ਲਿਖਿਆ ਅਤੇ ਪੁਸਤਕ ਰੂਪ ਵਿੱਚ ਛਪਵਾਇਆ।

ਪੰਜਾਬ ਸਮੱਸਿਆ ਕਿਵੇਂ ਪੈਦਾ ਹੋਈ, ਕਿਵੇਂ ਗੁਝਲਦਾਰ ਬਣੀ, ਇਸ ਬਾਰੇ ਵੀ ਉਸਨੇ ਅਨੇਕਾਂ ਲੇਖ ਲਿਖੇ, ਜੋ ਰੋਜ਼ਾਨਾ ਅਜੀਤ, ਪੰਜਾਬੀ ਟ੍ਰਿਬਿਊਨ, ਜੱਗ ਬਾਣੀ ਤੇ ਹੋਰ ਅਖ਼ਬਾਰਾਂ ਵਿੱਚ ਅਕਸਰ ਛਪਦੇ ਰਹੇ ਹਨ। ਪੰਜਾਬ ਸਮੱਸਿਆ ਬਾਰੇ ਉਸ ਨੇ ਬੜਾ ਨਿਧੜਕ ਹੋ ਕੇ ਲਿਖਿਆ ਹੈ। ਜਿਸ ਕਾਰਨ ਉਸ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਜ਼ਬਰ ਦਾ ਸਾਹਮਣਾ ਵੀ ਕਰਨਾ ਪਿਆ ਹੈ। ਉਹ ਅਡੋਲ ਆਪਣੀ ਡਗਰ 'ਤੇ ਤੁਰਦਾ ਗਿਆ ਤੇ ਤੁਰਦਾ ਜਾ ਰਿਹਾ ਹੈ।

ਇਸ ਦਾ ਉਸ ਨੂੰ ਖਮਿਆਜ਼ਾ ਵੀ ਭੁਗਤਣਾ ਪਿਆ ਹੈ। ਕਈ ਵਾਰੀ ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ ਅਤੇ ਇਸ ਕਾਰਨ ਹੀ ਉਸ ਨੇ ਅਨੇਕਾਂ ਹੀ ਸਿਆਸੀ ਲੀਡਰਾਂ ਨੂੰ ਨਾਰਾਜ਼ ਕਰ ਲਿਆ। ਉਸ ਦੀ ਬਦਲੀ ਅਮ੍ਰਿਤਸਰ ਤੋਂ ਸ਼ਿਮਲਾ ਦੀ ਕਰ ਦਿੱਤੀ ਗਈ। ਮੰਤਰੀਆਂ ਸੰਤਰੀਆ ਨੇ ਸਾਮ,ਦਾਮ ਦੰਡ ਭੇਦ ਜਿਹੇ ਹਥਿਆਰਾਂ ਨਾਲ ਆਪਣੀ ਡਗਰ 'ਤੇ ਤੋਰਨਾ ਚਾਹਿਆ ਪਰ ਉਹ ਨਿਡਰ ਹੋ ਕੇ ਆਪਣੀ ਡਗਰ 'ਤੇ ਚਲਦਾ ਰਿਹਾ। ਉਸ ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮਤਰੀ ਅਤੇ ਇੱਕ ਸੀਨੀਅਰ ਮਤਰੀ ਹੱਥ ਧੋ ਕੇ ਉਸ ਦੀ ਸ਼ਿਮਲੇ ਤੋਂ ਟਰਾਂਸਖ਼ਰ ਕਰਵਾਉਣ ਲਈ ਹੱਥ ਧਪ ਕੇ ਉਹਦੇ ਮਗਰ ਪੈ ਗਏ। ਉਸ ਨੇ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ, ਭਾਵੇਂ ਕਿ ਮਨੇਜਮਿੰਟ ਨੇ ਉਸ ਦੀ ਬਦਲੀ ਸ਼ਿਮਲਾ ਪਟਿਆਲੇ ਦੀ ਕਰ ਦਿੱਤੀ।

ਟਰੀਬਿਊਨ ਸਮੂਹ ਦਾ ਐਡੀਟਰ ਉਸ ਦੇ ਕੰਮ ਤੋਂ ਖੁਸ਼ ਸੀ। ਉਸ ਨੂੰ ਉਹਦੀ ਹਮਾਇਤ ਵੀ ਸੀ। ਪਟਿਆਲੇ ਵੀ ਉਹ ਨਿਰਪੱਖਤਾ ਨਾਲ ਖਬਰਾਂ ਭੇਜਦਾ ਰਿਹਾ। ਉਸ ਉਪਰ ਦੋ ਵਾਰ ਜਾਨ ਲੇਵਾ ਹਮਲਾ ਵੀ ਹੋਇਆ। ਉਹਦੇ ਨਾ ਚਾਹੁੰਦਿਆ ਵੀ ਉਸ ਨੂੰ ਸਕਿਉਰਟੀ ਦੇ ਦਿੱਤੀ ਗਈ। ਮੈਂ ਉਸ ਦਾ ਪਤਾ ਲੈਣ ਲਈ ਪਟਿਆਲੇ ਗਿਆ। ਪਟਿਆਲੇ ਤੋਂ ਉਸੇ ਦਿਨ ਆਪਣੇ ਪਿੰਡ, ਸੇਖਾ ਕਲਾਂ ਮੁੜਨਾ ਔਖਾ ਸੀ, ਇਸ ਲਈ ਮੈਂ ਉਸ ਕੋਲ ਰਾਤ ਰਹਿਣ ਦਾ ਸੋਚ ਕੇ ਹੀ ਘਰੋਂ ਗਿਆ ਸੀ। ਸ਼ਾਮ ਦਾ ਖਾਣ ਖਾਣ ਤੋਂ ਪਹਿਲਾਂ ਹੀ ਹਰਬੀਰ ਨੇ ਮੈਨੂੰ ਕਿਹਾ, "ਜਰਨੈਲ, ਭਾਵੇਂ ਕਿ ਮੈਨੂੰ ਸਕਿਉਰਟੀ ਮਿਲੀ ਹੋਈ ਹੈ ਪਰ ਫੇਰ ਵੀ ਏਥੇ ਬਹੁਤ ਖਤਰਾ ਹੈ। ਤੂੰ ਜਾ ਤਾਂ ਡਾਕਟਰ ਗੁਰਦਰਸ਼ਨ (ਮੇਰੇ ਸਕੇ ਮਾਮੇ ਦਾ ਲੜਕਾ) ਕੋਲ ਚਲਿਆ ਜਾ ਜਾਂ ਮੈਂ ਆਪਣੇ ਦੋਸਤ ਨੂੰ ਫੋਨ ਕਰ ਦਿੰਦਾ ਹਾਂ, ਉਸ ਕੋਲ ਰਾਤ ਰਹਿ ਪਵੀਂ।ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਤੇਰਾ ਕੋਈ ਨੁਕਸਾਨ ਹੋਵੇ।" "ਇਹ ਭੁੱਲ ਜਾ ਕਿ ਤੈਨੂੰ ਛਡ ਕੇ ਮੈਂ ਕਿਤੇ ਹੋਰ ਚਲਿਆ ਜਾਵਾਂਗਾ। ਜੇ ਕੋਈ ਗੜਬੜ ਹੋਈ ਤਾਂ ਮੈਂ ਤੇਰੇ ਮੂਹਰੇ ਹੋਵਾਂਗਾ।" ਉਹਦੇ ਕੋਲ ਇਕ ਰਾਤ ਮੈਂ ਤਿੰਨ ਦਿਨ ਪਟਿਆਲੇ ਉਸ ਕੋਲ ਰਿਹਾ। ਉਹ ਜਿੰਨਾ ਚਿਰ ਵੀ ਪਟਟਿਆਲੇ ਰਿਹਾ, ਆਪਣੀ ਡਿਊਟੀ ਪ੍ਰਤੀ ਸੁਹਿਰਦ ਰਿਹਾ।

ਸਿੱਖ ਸੱਭਿਆਚਾਰ ਤੇ ਸਿੱਖ ਸਿਆ-ਸਤ ਬਾਰੇ ਦੂਸਰੇ ਸਟਾਫ ਰਿਪੋਰਟਾਂ ਨਾਲੋਂ ਵੱਧ ਜਾਣਕਾਰੀ ਹੋਣ ਕਾਰਨ ਮੁੜ ਉਸ ਦੀ ਬਦਲੀ ਅਮ੍ਰਿਤਸਰ ਦੀ ਹੀ ਕਰ ਦਿੱਤੀ। ਫਿਰ ਉਹ 1998 ਵਿਚ ਅਮ੍ਰਿਤਸਰੋਂ ਹੀ ਟਰੀਬਿਊਨ ਅਖਬਾਰ ਤੋਂ ਰਿਟਾਇਰ ਹੋਇਆ।

ਜੱਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਨੂੰ ਹਰਬੀਰ ਦੀ ਯੋਗਤਾ ਦਾ ਪਤਾ ਸੀ, ਉਸ ਨੇ ਉਹਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੀਡੀਆ ਅਫਸਰ ਬਣਾ ਲਿਆ। ਜਿੰਨਾ ਸਮਾਂ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਕਮੇਟੀ ਦੇ ਪ੍ਰਧਾਨ ਰਹੇ, ਭੰਵਰ ਮੀਡੀਆ ਅਫਸਰ ਵਜੋਂ ਸੇਵਾਵਾਂ ਨਿਭਾਉਂਦਾ ਰਿਹਾ। ਬੀਬੀ ਜਾਗੀਰ ਕੌਰ ਦੇ ਕਮੇਟੀ ਦਾ ਪ੍ਰਧਾਨ ਬਣ ਜਾਣ ਮਗਰੋਂ ਉਹ ਸ੍ਰੋਮਣੀ ਕਮੇਟੀ ਨੂੰ ਅਲਵਿਦਾ ਕਹਿ ਲੁਧਿਆਣੇ ਆ ਗਿਆ।

ਉਸ ਨੇ ਕੰਮ ਕਈ ਅਦਾਰਿਆਂ ਵਿਚ ਕੀਤਾ ਪਰ ਪੈਨਸ਼ਿਨ ਦਾ ਹੱਕਦਾਰ ਕਿਸੇ ਅਦਾਰੇ ਵਲੋਂ ਵੀ ਨਾ ਬਣਿਆ। ਲੁਧਿਆਣਾ ਦੇ ਰਣਧੀਰ ਸਿੰਘ ਨਗਰ ਵਿਚ ਭਲੇ ਵੇਲਿਆਂ ਵਿਚ ਇਕ ਮਕਾਨ ਬਣਾ ਲਿਆ ਸੀ। ਉਸ ਮਕਾਨ ਤੋਂ ਬਿਨਾ ਉਸ ਕੋਲ ਹੋਰ ਰਾਸ ਪੂੰਜੀ ਨਹੀਂ ਸੀ। ਲੁਧਿਆਣੇ ਆਉਣ ਤੋਂ ਪਹਿਲਾਂ ਹੀ ਉਸ ਨੇ ਕਰਏਦਾਰ ਨੂੰ ਮਕਾਨ ਵਿਹਲਾ ਕਰਨ ਲਈ ਨੋਟਿਸ ਦੇ ਦਿੱਤਾ ਸੀ ਪਰ ਕਰਾਏਦਾਰ ਨੇ ਨੋਟਿਸ ਨੂੰ ਦੋ ਕੋੜੀ ਦਾ ਕਾਗਜ਼ ਸਮਝ ਕੇ ਕੂੜੇਦਾਨ ਦੀ ਭੇਟ ਕਰ ਦਿੱਤਾ ਅਤੇ ਅਰਾਮ ਨਾਲ ਉਸ ਦੇ ਮਕਾਨ ਵਿਚ ਰਹਿੰਦਾ ਰਿਹਾ। ਖ਼ੂਬੀ ਇਹ ਕਿ ਉਸ ਤੋਂ ਮਗਰੋਂ ਉਸ ਨੇ ਕਰਾਇਆ ਦੇਣਾ ਵੀ ਬੰਦ ਕਰ ਦਿੱਤਾ। ਹਰਬੀਰ ਨੂੰ ਕੁਝ ਸਮਾਂ ਕਰਾਏ ਦੇ ਮਕਾਨ ਵਿਚ ਗੁਜ਼ਾਰਾ ਕਰਨਾ ਪਿਆ, ਫਿਰ ਕੈਲਾਸ਼ ਦੇ ਨਾਮ 'ਤੇ ਇਕ ਬਣਿਆ ਬਣਾਇਆ ਮਕਾਨ ਖਰੀਦ ਲਿਆ। ਆਪਣਾ ਮਕਾਨ ਹਾਸਲ ਕਰਨ ਲਈ ਉਸ ਨੂੰ ਲੰਮਾ ਸਮਾਂ ਕਚਹਿਰੀਆਂ ਦੇ ਧੱਕੇ ਖਾਣੇ ਪਏ। ਕਈ ਸਾਲ ਦੀ ਕਾਨੂੰਨੀ ਲੜਾਈਮਗਰੋਂ ਬੜੀ ਮੁਸ਼ਕਲ ਨਾਲ ਕਰਾਏਦਾਰ ਕੋਲੋਂ ਮਕਾਨ ਖਾਲੀ ਕਰਵਾਇਆ।

ਲੁਧਿਆਣੇ ਆ ਕੇ ਉਹ ਕੁਝ ਸਮਾਂ ਹਿੰਦੀ ਅਖਬਾਰ ਦੈਨਿਕ ਭਾਸਕਰਦਾ ਬਿਉਰੋ ਚੀਫ ਰਿਹਾ, ਉਹ ਨੌਕਰੀ ਵੀ ਉਸ ਨੂੰ ਰਾਸ ਨਾ ਆਈ ਤਾਂ ਉਸ ਤੋਂ ਪਾਸੇ ਹੋ ਫਾਸਟ ਵੇਅ ਟੀਵੀ ਵਾਲਿਆਂ ਦਾ ਨਿਊਜ਼ ਐਡੀਟਰ ਬਣ ਗਿਆ। ਉਹਨਾਂ ਨਾਲ ਨਿਭਣਾ ਤਾਂ ਉਸ ਦੇ ਸੁਭਾਅ ਦੇ ਅਨਕੂਲ ਹੀ ਨਹੀਂ ਸੀ, ਛੇਤੀ ਹੀ ਉਹਨਾਂ ਨੂੰ ਅਲਵਿਦਾ ਕਹਿ ਦਿੱਤਾ।

ਹਰਬੀਰ ਸਿੰਘ ਭੰਵਰ ਨੇ ਪੱਤਰਕਾਰੀ ਪੇਸ਼ੇ ਵਿਚ ਆਉਣ ਤੋਂ ਪਹਿਲਾਂ ਵੀ ਕੁਝ ਪੁਸਤਕਾਂ ਲਿਖੀਆਂ ਸਨ। ਪੱਤਰਕਾਰੀ ਦੌਰਾਨ ਉਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜੀਵਨੀ ਲਿਖੀ। ਦਰਬਾਰ ਸਾਹਿਬ ਅਮ੍ਰਿਤਸਰ ਉਪਰ ਫੌਜ ਵਲੋਂ ਕੀਤੇ ਗਏ ਹਮਲੇ ਦੇ ਅੱਖੀਂ ਡਿੱਠੇ ਤੇ ਕੰਨੀਂ ਸੁਣੇ ਬ੍ਰਿਤਾਂਤ 'ਡਾਇਰੀ ਦੇ ਪੰਨੇ, ਜੋ ਇਤਿਹਾਸ ਬਣ ਗਏ' ਨੂੰ ਕਿਤਾਬੀ ਰੂਪ ਦਿੱਤਾ।ਉਹ ਪੁਸਤਕ ਇੰਨੀ ਪ੍ਰਸੰਗਕ ਸੀ ਕਿ ਉਸ ਦੀਆਂ ਕਈ ਅਡੀਸ਼ਨਾਂ ਛਪੀਆਂ। ਉਸ ਪੁਸਤਕ ਦੀਆਂ ਇਕ ਲੱਖ ਤੋਂ ਵੱਧ ਕਾਪੀਆਂ ਲੋਕਾਂ ਦੇ ਹੱਥਾਂ ਵਿਚ ਪਹੁੰਚੀਆ ਹੋਣਗੀਆਂ। ਹੁਣ ਉਹ ਸਭ ਪਾਸਿਆਂ ਤੋਂ ਵਿਹਲਾ ਸੀ। ਉਸ ਨੂੰ ਆਪਣੀ ਜ਼ਿੰਦਗੀ ਵਿਚ ਅਨੇਕ ਘਟਨਾਵਾਂ ਨਾਲ ਦੋ ਚਾਰ ਹੋਣਾ ਪਿਆ ਸੀ।ਲਿਖਣ ਲਈ ਉਹਨਾਂ ਤਜੁਰਬਿਆਂ ਦਾ ਉਸ ਕੋਲ ਭਰਪੂਰ ਮਸਾਲਾ ਸੀ। ਉਸ ਨੂੰ ਉਹ ਕਲਮ ਬੰਦ ਕਰਨ ਲੱਗਾ। ਕੈਲਾਸ਼ ਦੀ ਪੈਨਸ਼ਨ ਤੋਂ ਬਿਨਾਂ ਉਸ ਦੀ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ ਸੀ। ਪੰਜਾਬੀ ਦਾ ਕੋਈ ਪਬਲਿਸ਼ਰ ਰਾਇਲਟੀ ਦੇ ਕੇ ਉਸ ਦੀਆਂ ਪੁਸਤਕਾਂ ਛਾਪਣ ਲਈ ਤਿਆਰ ਨਹੀਂ ਸੀ, ਫੇਰ ਵੀ ਉਹ ਲਿਖੀ ਜਾ ਰਿਹਾ ਸੀ। ਅੱਖਾਂ ਵਿਚ ਕਾਲਾ ਮੋਤੀਆਂ ਉਤਰ ਆਇਆ, ਉਹ ਲਿਖੀ ਜਾ ਰਿਹਾ ਸੀ। ਹੌਲੀ ਹੌਲੀ ਨਿਗਾਹ ਕਮਜ਼ੋਰ ਹੁੰਦੀ ਗਈ, ਉਹ ਮੈਗਨੀਫਾਈ ਸ਼ੀਸ਼ਾ ਲੈ ਕੇ ਲਿਖੀ ਜਾਂਦਾ। ਉਸ ਨੂੰ ਓਪਣਾ ਪਰੋਸਟੇਟ ਦਾ ਉਪਰੇਸ਼ਨ ਕਰਵਾਉਣਾ ਪਿਆ ਪਰ ਉਸ ਨੇ ਲਿਖਣਾ ਨਹੀਂ ਛੱਡਿਆ। ਉਸ ਦੇ ਤਜੁਰਬਿਆਂ ਦਾ ਨਿਚੋੜ ਨੇ ਇਹ ਪੁਸਤਕਾਂ; 'ਕਾਲੇ ਦਿਨ', ਲਹੂ ਭਿੱਜੀ ਪੱਤਰਕਾਰੀ, ਤੀਜਾ ਘੱਲੂਘਾਰਾ, 'ਮੇਰੀ ਕਨੇਡਾ ਫੇਰੀ', 'ਸ. ਸੋਭਾ ਸਿੰਘ, ਜੀਵਨ ਤੇ ਕਲਾ', 'ਪੰਜਾਬੀ ਨਾਟਕ ਦੀ ਨਕੜ ਦਾਦੀ, ਨੋਰਾ ਰਿਚਰਡ', 'ਕਲਾਕਾਰਾਂ ਦੀ ਧਰਤੀ, ਅੰਦਰੇਟਾ'।

ਅਜੇ ਵੀ ਬਹੁਤ ਕੁਝ ਲਿਖਣ ਵਾਲਾ ਰਹਿੰਦਾ ਸੀ ਕਿ ਉਹਦੀਆਂ ਅੱਖਾਂ ਦੀ ਜੋਤ ਬੁਝਣ ਕਿਨਾਰੇ ਹੋ ਗਈ। ਜਿਸ ਕਾਰਨ ਮਜਬੂਰਨ ਕਲਮ ਨੂੰ ਅਲਵਿਦਾ ਕਹਿਣੀ ਪੈ ਗਈ। ਸ਼ਾਇਦ ਇਸੇ ਗੱਲ ਦਾ ਝੋਰਾ ਸੀ ਕਿ ਉਸ ਨੂੰ ਦਿਲ ਦਾ ਬਹੁਤ ਭਿਆਨਕ ਦੌਰਾ ਪਿਆ। ਦਿਲ ਦਾ ਉਪਰੇਸ਼ਨ ਹੋਇਆ, ਦਿਲ 'ਤੇ ਪੇਸਮੇਕਰ ਪਿਆ। ਜ਼ਿੰਦਗੀ ਬਚ ਗਈ। ਬਿਮਾਰੀ ਉਪਰ ਢੇਰਾਂ ਪੈਸਾ ਖਰਚ ਹੋਇਆ ਜਿਸ ਕਾਰਨ ਕੈਲਾਸ਼ ਵਾਲਾ ਮਕਾਨ ਵੇਚਣਾ ਪਿਆ। ਹੁਣ ਉਹ ਪਚਾਸੀਵੇਂ ਸਾਲ ਵਿਚ ਡਿੱਕੋ ਡੋਲੇ ਖਾਂਦਾ ਘਰ ਵਿਚ ਬੈਠਾ ਖਬਰਾਂ ਤੇ ਚਰਚਾਵਾਂ ਸੁਣ ਕੇ ਸਮਾਂ ਬਤੀਤ ਕਰ ਰਿਹਾ ਹੈ। ਉਮਰ ਦੇ ਅਖੀਰਲੇ ਮਰਹਲੇ 'ਤੇ, ਪਿੱਛੇ ਜਿਹੇ, ਭਾਸ਼ਾ ਵਿਭਾਗ ਵਲੋਂ ਛੇ ਸਾਲਾਂ ਦੇ ਰਹਿੰਦੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ ਹੋਇਆ ਸੀ ਜਿਸ ਵਿਚ ਸ਼੍ਰੋਮਣੀ ਪੱਤਰਕਾਰ ਵਜੋਂ ਹਰਬੀਰ ਸਿੰਘ ਭੰਵਰ ਦਾ ਨਾਮ ਵੀ ਸ਼ਾਮਿਲ ਸੀ, ਪਰ ਕਿਸੇ ਵਿਅਕਤੀ ਵਲੋਂ ਛੇਆਂ ਸਾਲਾਂ ਦੇ ਸਾਰੇ ਪੁਰਸਕਾਰਾਂ ਦੀ ਵੈਧਤਾ ਨੂੰ ਹਾਈ ਕੋਰਟ ਵਿਚ ਚਣੌਤੀ ਦੇਣ ਕਾਰਨ ਇਹ ਪੰਜ ਲੱਖ ਵਾਲਾ ਪੁਰਸਕਾਰ ਵੀ ਐਲਾਨ ਹੀ ਰਹਿ ਗਿਆ ਤੇ ਸਾਹਿਤ ਸਿਆਸਤ ਦੀ ਭੇਟ ਚੜ੍ਹ ਗਿਆ।

ਜਰਨੈਲ ਸਿੰਘ ਸੇਖਾ

## ਸੋਨੇ ਦਾ ਸਬਕ

–ਸੁਰਿੰਦਰ ਮਾਣੂੰਕੇ ਗਿੱਲ

ਉਸ ਦੇ ਘਰ ਵਿੱਚ ਅਜਿਹਾ ਕੁਝ ਨਹੀਂ ਬਚਿਆ ਸੀ ਜਿਹੜਾ ਉਸ ਦੇ ਸ਼ਰਾਬ ਦੇ ਨਸ਼ੇ ਦੀ ਭੇਟ ਨਾ ਚੜ੍ਹਿਆ ਹੋਵੇ। ਉਸ ਦੀ ਘਰਵਾਲੀ ਉਸ ਨੂੰ ਸਮਝਾ-ਸਮਝਾ ਕੇ ਥੱਕ ਚੁੱਕੀ ਸੀ। ਰੋਜ਼ ਦੀ ਮਾਰਕੁੱਟ ਨੇ ਉਸ ਨੂੰ ਜਿਊਂਦੀ ਲਾਸ਼ ਬਣਾ ਦਿੱਤਾ ਸੀ। ਇੱਕ ਰਾਤ ਉਸ ਨੇ ਆਪਣੀ ਘਰਵਾਲੀ ਦਾ ਸੋਨਾ ਵੀ ਚੋਰੀ ਕਰ ਲਿਆ ਸੀ।

ਉਹ ਰਾਤੋ-ਰਾਤ ਸੋਨਾ ਚੁਰਾ ਕੇ ਭੱਜ ਜਾਣਾ ਚਾਹੁੰਦਾ ਸੀ, ਪਰ ਕੋਈ ਸਾਧਨ ਨਾ ਹੋਣ ਕਰ ਕੇ ਉਹ ਆਪਣੇ ਕਿਸੇ ਦੋਸਤ ਦੇ ਘਰ ਠਹਿਰ ਗਿਆ। ਉਸ ਦੇ ਦੋਸਤ ਨੂੰ ਪਤਾ ਲੱਗ ਗਿਆ ਕਿ ਇਹ ਜ਼ਰੂਰ ਕੋਈ ਘਰੋਂ ਚੋਰੀ ਕਰ ਕੇ ਆਇਆ ਹੈ। ਨਸ਼ੇ ਵਿੱਚ ਧੁੱਤ ਹੋਣ ਕਰ ਕੇ ਤਲਾਸ਼ੀ ਲੈਣ ਉੱਤੇ ਪਤਾ ਲੱਗਾ ਕਿ ਉਸ ਨੇ ਸੋਨਾ ਚੋਰੀ ਕੀਤਾ ਹੈ। ਉਸ ਦੇ ਦੋਸਤ ਨੇ ਸੋਨਾ ਕੱਢ ਕੇ ਖਾਲੀ ਡੱਬੀਆਂ ਉਸ ਦੇ ਬੈਗ ਵਿੱਚ ਪਾ ਦਿੱਤੀਆਂ। ਅਗਲੇ ਦਿਨ ਉਸ ਨੇ ਜਦੋਂ ਸੋਨਾ ਵੇਚਣ ਦੇ ਇਰਾਦੇ ਨਾਲ ਚੈਕ ਕੀਤਾ ਤਾਂ ਉਹ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਡੱਬੀਆਂ ਵਿੱਚ ਸੋਨਾ ਨਹੀਂ ਸੀ। ਉਹ ਹਾਲ ਬੇਹਾਲ ਹੋਇਆ ਕਿਸੇ ਹੋਰ ਦੋਸਤ ਕੋਲ ਚਲਾ ਗਿਆ ਤੇ ਸਾਰੀ ਗੱਲ ਉਸ ਨੂੰ ਦੱਸ ਦਿੱਤੀ। ਉਸ ਦੇ ਇਸ ਦੋਸਤ ਨੇ ਕਿਹਾ, ‘ਤੂੰ ਫਿਕਰ ਨਾ ਕਰ ਚਾਹ ਪਾਣੀ ਪੀ, ਆਪਾਂ ਪਤਾ ਕਰਦੇ ਹਾਂ।’ ਉਸ ਨੇ ਕਿਹਾ; ‘ਚਾਹ ਕਿੱਥੇ ਲੰਘਦੀ ਹੈ’। ਦੋਸਤ ਨੇ ਕਿਹਾ: ‘ਅੱਛਾ ਤੇਰੇ ਚਾਹ ਨਹੀਂ ਲੰਘਦੀ, ਫਿਰ ਸ਼ਰਾਬ ਕਿਵੇਂ ਲੰਘਦੀ ਹੈ? ਕਮਲਿਆ, ਤੈਨੂੰ ਪਤਾ ਸੋਨਾ ਗੁਆਚਿਆ ਮਾੜਾ ਹੁੰਦਾ ਹੀ ਹੈ, ਲੱਭਿਆ ਜਾਂ ਚੋਰੀ ਕੀਤਾ ਵੀ ਮਾੜਾ ਹੁੰਦਾ ਹੈ, ਇਹ ਚੋਰੀ ਭਾਵੇਂ ਕਿਸੇ ਆਪਣੇ ਦੀ ਕਿਉਂ ਨਾ ਕੀਤੀ ਹੋਵੇ।’

ਉਸ ਨੇ ਕਿਹਾ; ‘ਯਾਰ, ਮੇਰੀ ਘਰਵਾਲੀ ਦਾ ਇਹ ਸੋਨਾ ਮਿਲ ਜਾਵੇ, ਮੈਂ ਕਦੇ ਸ਼ਰਾਬ ਨਹੀਂ ਪੀਵਾਂਗਾ।’ ਉਸ ਦੇ ਇਸ ਦੋਸਤ ਨੇ ਜਦੋਂ ਪਹਿਲੇ ਦੋਸਤ ਨਾਲ ਗੱਲ ਕੀਤੀ ਤਾਂ ਪਹਿਲਾਂ ਦੋਸਤ ਕਹਿਣ ਲੱਗਾ ਕਿ ਉਹ ਸੋਨਾ ਮੇਰੇ ਕੋਲ ਸਹੀ ਸਲਾਮਤ ਪਿਆ ਹੈ, ਮੈਂ ਇਸ ਕਰ ਕੇ ਕੱਢ ਲਿਆ ਸੀ ਕਿ ਕਿਧਰੇ ਸ਼ਰਾਬ ਦੇ ਨਸ਼ੇ ਵਿੱਚ ਗਵਾ ਨਾ ਦੇਵੇ ਜਾਂ ਕਿਤੇ ਵੇਚ ਨਾ ਦੇਵੇ। ਜਦੋਂ ਉਸ ਦੇ ਇਸ ਦੋਸਤ ਨੇ ਇਹ ਖੁਸ਼ਖ਼ਬਰੀ ਉਸ ਨੂੰ ਦੱਸੀ ਤਾਂ ਉਸ ਦੇ ਮੂੰਹ ਉੱਤੇ ਲਾਲੀ ਆ ਗਈ, ਪਰ ਇਹ ਲਾਲੀ ਸ਼ਰਾਬ ਦੇ ਨਸ਼ੇ ਦੀ ਨਹੀਂ ਸੀ, ਸਗੋਂ ਵਾਪਸ ਮਿਲੇ ਸੋਨੇ ਦੇ ਸਬਕ ਦੀ ਸੀ।




# ਮੁੱਖ ਮੰਤਰੀ ਵੱਲੋਂ ਸੜਕਾਂ ਨੂੰ ਟੋਲ ਪਲਾਜ਼ਿਆਂ ਤੋਂ ਮੁਕਤ ਕਰਨ ਦੇ ਐਲਾਨ ਨਾਲ ਲੋਕਾਂ ਨੂੰ ਵੱਡੀ ਰਾਹਤ

*** ਆਪਣੇ ਨਿੱਜੀ ਸਵਾਰਥਾਂ ਲਈ ਸੂਬੇ ਦੀਆਂ ਸੜਕਾਂ ਨੂੰ ਗਿਰਵੀ ਰੱਖ ਕੇ ਲੋਕਾਂ ਉਤੇ ਬੇਲੋੜਾ ਬੋਝ ਪਾਉਣ ਵਾਲੀਆਂ ਪਿਛਲੀਆਂ ਸਰਕਾਰਾਂ ਦੀ ਕੀਤੀ ਆਲੋਚਨਾ *ਲਾਚੋਵਾਲ ਟੋਲ ਪਲਾਜ਼ਾ ਉਤੇ ਫੰਡਾਂ ਦਾ ਗ਼ਬਨ ਕਰਨ ਵਾਲੀ ਕੰਪਨੀ ਵਿਰੁੱਧ ਐਫ.ਆਈ.ਆਰ. ਦਰਜ *ਮਿਆਦ ਪੁੱਗਣ ਮਗਰੋਂ ਲਾਚੋਵਾਲ ਟੋਲ ਪਲਾਜ਼ਾ ਬੰਦ ਕਰਨ ਦਾ ਐਲਾਨ**

ਲਾਚੋਵਾਲ (ਹੁਸ਼ਿਆਰਪੁਰ), 15 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੀਆਂ ਸੜਕਾਂ ਨੂੰ ਟੋਲ ਮੁਕਤ ਕਰ ਕੇ ਲੋਕਾਂ ਨੂੰ ਵੱਡੀ ਰਾਹਤ ਦੇਣ ਦਾ ਐਲਾਨ ਕੀਤਾ।



ਮੁੱਖ ਮੰਤਰੀ ਨੇ ਹੁਸ਼ਿਆਰਪੁਰ-ਟਾਂਡਾ ਸੜਕ ਉਤੇ ਲਾਚੋਵਾਲ ਟੋਲ ਪਲਾਜ਼ਾ ਜਿਸ ਦੀ ਮਿਆਦ 14 ਦਸੰਬਰ, 2022 ਨੂੰ ਖ਼ਤਮ ਹੋ ਗਈ ਸੀ, ਨੂੰ ਬੰਦ ਕਰਨ ਦਾ ਐਲਾਨ ਕੀਤਾ। ਪਿਛਲੀਆਂ ਸਰਕਾਰਾਂ ਵੱਲੋਂ ਆਪਣੇ ਸਵਾਰਥਾਂ ਲਈ ਪੰਜਾਬ ਦੀਆਂ ਸੜਕਾਂ ਨੂੰ ਗਿਰਵੀ ਰੱਖ ਕੇ ਲੋਕਾਂ 'ਤੇ ਬੋਝ ਪਾਉਣ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਇਸ ਤੋਂ ਨਿਜ਼ਾਤ ਦਿਵਾਉਣ ਲਈ ਹਰ ਸੰਭਵ ਕਦਮ ਚੁੱਕੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਪੰਜਾਬੀਆਂ ਦੀ ਸਰਕਾਰ ਹੈ ਅਤੇ ਪੰਜਾਬੀਆਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਲਾਚੋਵਾਲ ਟੋਲ ਪਲਾਜ਼ਾ ਦਾ ਠੇਕਾ ਖ਼ਤਮ ਹੋ ਚੁੱਕਾ ਹੈ ਪਰ ਕੰਪਨੀ ਇਸ ਨੂੰ ਵਧਾਉਣ ਲਈ ਕਈ ਢੰਗ-ਤਰੀਕੇ ਅਪਣਾ ਰਹੀ ਸੀ। ਉਨ੍ਹਾਂ ਕਿਹਾ ਕਿ ਕੰਪਨੀ ਨੇ ਕਰੋਨਾ ਮਹਾਂਮਾਰੀ ਅਤੇ ਕਿਸਾਨ ਅੰਦੋਲਨ ਦਾ ਹਵਾਲਾ ਦਿੰਦੇ ਹੋਏ 522 ਦਿਨਾਂ ਦੀ ਮਿਆਦ ਵਧਾਉਣ ਦੀ ਮੰਗ ਕੀਤੀ ਸੀ। ਭਗਵੰਤ ਮਾਨ ਨੇ ਸਪੱਸ਼ਟ ਕਿਹਾ ਕਿ ਕੋਈ ਹੋਰ ਵਿਅਕਤੀ ਕੰਪਨੀ ਦੀਆਂ ਤਜਵੀਜ਼ਾਂ ਨਾਲ ਸਹਿਮਤ ਹੋ ਵੀ ਜਾਂਦਾ ਪਰ ਉਨ੍ਹਾਂ ਨੇ ਪੰਜਾਬੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਟੋਲ ਪਲਾਜ਼ਾ ਨੂੰ ਬੰਦ ਕਰਨ ਦਾ ਫੈਸਲਾ ਕੀਤਾ।

ਉਨ੍ਹਾਂ ਕਿਹਾ ਕਿ ਜਦੋਂ ਲੋਕ ਸੱਤਾ ਵਿੱਚ ਹੁੰਦੇ ਹਨ ਤਾਂ ਉਹ ਸਾਰੀਆਂ ਰਵਾਇਤਾਂ ਤੋੜ ਕੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਲੋਕਾਂ ਦੀ ਭਲਾਈ ਦੀ ਫਿਕਰ ਛੱਡ ਕੇ ਅਜਿਹੇ ਵਾਧੇ ਕਰ ਦਿੰਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਦੇ ਉਲਟ ਉਨ੍ਹਾਂ ਦੀ ਸਰਕਾਰ ਨੇ ਇਸ ਟੋਲ ਪਲਾਜ਼ਾ ਨੂੰ ਬੰਦ ਕਰਕੇ ਆਮ ਲੋਕਾਂ ਦੀ ਖੁੱਲ੍ਹੀ ਲੁੱਟ ਅਤੇ ਪ੍ਰੇਸ਼ਾਨੀ ਨੂੰ ਖਤਮ ਕਰਨ ਲਈ ਲੋਕ ਪੱਖੀ ਸਟੈਂਡ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਟੋਲ ਪਲਾਜ਼ੇ ਬੰਦ ਕੀਤੇ ਜਾਣਗੇ ਕਿਉਂਕਿ ਸੂਬਾ ਸਰਕਾਰ ਪਹਿਲਾਂ ਹੀ ਅਜਿਹੇ ਸਾਰੇ ਡਿਫਾਲਟਰਾਂ ਦੀ ਸੂਚੀ ਤਿਆਰ ਕਰ ਰਹੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਲਾਚੋਵਾਲ ਵਿਖੇ ਟੋਲ ਪਲਾਜ਼ਾ ਦਾ ਪ੍ਰਬੰਧ ਕਰਨ ਵਾਲੀ ਕੰਪਨੀ ਨੇ 2007 ਤੋਂ ਨਿਯਮਾਂ ਦੀ ਸ਼ਰ੍ਹੇਆਮ ਉਲੰਘਣਾ ਕੀਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਕੰਪਨੀ ਨੇ ਸਮਝੌਤੇ ਦੀ ਇਕ ਧਾਰਾ ਦੀ ਵੀ ਪਾਲਣਾ ਨਹੀਂ ਕੀਤੀ ਪਰ 2007 ਤੋਂ ਬਾਅਦ ਦੀਆਂ ਸਰਕਾਰਾਂ ਨੇ ਇਸ ਪਾਸਿਉਂ ਅੱਖਾਂ ਮੀਚ ਲਈਆਂ ਸਨ।

ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੰਪਨੀ ਵਿਰੁੱਧ ਧਾਰਾ 420, 465, 466, 467, 471 ਅਤੇ ਹੋਰ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਹੈ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਭਗਵੰਤ ਮਾਨ ਅਤੇ ਕੇਂਦਰ ਸਰਕਾਰ ਤੋਂ ਸਾਰੇ ਟੋਲ ਪਲਾਜੇ ਬੰਦ ਕਰਨ ਜਾਂ 75% ਛੋਟ ਦੇ ਕੇ ਸਰਕਾਰੀ ਕਰਨ ਦੀ ਮੰਗ

*** 10 ਜ਼ਿਲ੍ਹਿਆਂ ਵਿੱਚ 18 ਟੋਲ ਪਲਾਜੇ ਅੱਜ ਤੋਂ 15 ਜਨਵਰੀ ਤੱਕ ਮੁਫਤ ਕਰ ਦਿੱਤੇ ਗਏ**

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਲਿਖਤੀ ਤੌਰ ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਾਰਪੋਰੇਟ,ਅੰਬਾਨੀਆਂ ਤੇ ਅਡਾਨੀਆਂ ਨੂੰ ਸੜਕਾਂ ਉੱਤੇ ਜਨਤਾ ਦੀ ਲੁੱਟ ਕਰਨ ਦੀ ਖੁੱਲ ਦੇਣ ਵਾਲੀ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਕੀਤੇ ਐਲਾਨ ਮੁਤਾਬਕ ਪੰਜਾਬ ਦੇ 10 ਜਿਲ੍ਹਿਆਂ ਵਿੱਚ 18 ਟੋਲ ਪਲਾਜ਼ਾ ਨੂੰ ਮੁਫਤ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਵਿੱਚ ਮਾਨਾਵਾਲਾ,ਕੱਥੂਨੰਗਲ,ਛਿਡੱਣ ਅਟਾਰੀ, ਤਰਨਤਾਰਨ ਵਿਚ ਮੰਨਣ, ਸੇਰੋਂ,ਫਿਰੋਜ਼ਪੁਰ ਵਿਚ ਫਿਰੋਜ਼ਸ਼ਾਹ, ਗਿੱਦੜਭਿੰਡੀ,ਹੁਸ਼ਿਆਰਪੁਰ ਵਿੱਚ ਮੁਕੇਰੀਆਂ,ਚੋਲਾਂਗ, ਮਾਨਸਰ, ਗੜਦੀਵਲ,ਚੰਬੇਵਾਲ,ਫਾਜ਼ਲਿਕਾ ਵਿੱਚ ਥੇਹ ਕਲੰਧਰ,ਮਾਮੋਜ਼ਾਏ,ਮੋਗਾ ਵਿੱਚ ਸਿੰਘਾ ਵਾਲਾ,ਜਲੰਧਰ ਵਿੱਚ ਕਾਂਵਾ ਵਾਲਾ ਪੱਤਣ,ਕਪੂਰਥਲਾ ਵਿੱਚ ਢਿੱਲਵਾਂ,ਪਠਾਨਕੋਟ ਵਿੱਚ ਲਾਟਪਲਾਵਾ ਦੀਨਾਨਗਰ ਆਦਿ ਟੋਲ ਪਲਾਜ਼ਾ ਉੱਤੇ ਹਜ਼ਾਰਾਂ ਕਿਸਾਨਾਂ ਮਜਦੂਰਾਂ,ਬੀਬੀਆਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਸਵਿੰਦਰ ਸਿੰਘ ਚੁਤਾਲਾ,ਜਸਵੀਰ ਸਿੰਘ ਪਿੱਦੀ, ਸੁਖਵਿੰਦਰ ਸਿੰਘ ਸਭਰਾ,ਗੁਰਬਚਨ ਸਿੰਘ ਚੱਬਾ, ਹਰਪ੍ਰੀਤ ਸਿੰਘ ਸਿੱਧਵਾਂ ਨੇ ਕਿਹਾ ਕਿ ਦੇਸ਼ ਭਰ ਵਿੱਚ ਲੱਗੇ ਟੋਲ ਪਲਾਜੇ ਗੈਰ ਕਾਨੂੰਨੀ ਹਨ ਕਿਉਂਕਿ ਜਦ ਕੋਈ ਵਿਅਕਤੀ ਵਹਿਕਲ ਖਰੀਦਦਾ ਹੈ ਤਾਂ ਉਹ ਰੋਡ ਟੈਕਸ ਭਰਦਾ ਹੈ ਤਾਂ ਫਿਰ ਟੋਲ ਟੈਕਸ ਕਿਉਂ। ਕਿਸਾਨ ਆਗੂਆਂ ਨੇ ਜੋਰਦਾਰ ਮੰਗ ਕੀਤੀ ਕਿ



ਪੰਜਾਬ ਭਰ ਵਿੱਚ ਲੱਗੇ ਟੋਲ ਪਲਾਜੇ ਪੁੱਟੇ ਜਾਣ ਜਾਂ ਫਿਰ ਇਨ੍ਹਾਂ ਨੂੰ ਸਰਕਾਰੀ ਕਰਕੇ ਪਰਚੀ ਉੱਤੇ 75% ਛੋਟ ਦਿੱਤੀ ਜਾਵੇ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਟੋਲ ਪਲਾਜ਼ਾ ਮੁਲਾਜ਼ਮਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ,ਉਨ੍ਹਾਂ ਦੀ ਇਕ ਮਹੀਨੇ ਦੀ ਤਨਖਾਹ ਟੋਲ ਕੰਪਨੀਆਂ ਤੋਂ ਦਿਵਾਈ ਜਾਵੇਗੀ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਹੁਸ਼ਿਆਰਪੁਰ ਦੇ ਚੋਲਾਂਗ ਟੋਲ ਪਲਾਜ਼ਾ ਵਿਖੇ ਕਿਸਾਨਾਂ ਉੱਤੇ ਹਲਕਾ ਵਿਧਾਇਕ ਟਾਂਡਾ ਰਾਜਾ ਜਸਬੀਰ ਸਿੰਘ ਦੇ ਗੁੰਡਿਆ ਵੱਲੋਂ ਕੀਤੇ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਜਾਂਦੀ ਹੈ ਤੇ ਭਗਵੰਤ ਮਾਨ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਗੁੰਡਿਆ ਉੱਤੇ ਪਰਚੇ ਦਰਜ ਕਰਕੇ ਇਨ੍ਹਾਂ ਨੂੰ ਤੁਰੰਤ ਗਿਰਫਤਾਰ ਕੀਤਾ ਜਾਵੇ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਟੈਕਸੀ ਯੂਨੀਅਨ ਵੱਲੋਂ ਟੋਲ ਪਲਾਜੇ ਮੁਫਤ ਕਰਨ ਦੀ ਹਮਾਇਤ ਕੀਤੀ ਗਈ ਹੈ।

## ਸੁਖਬੀਰ ਬਾਦਲ ਵੱਲੋਂ ਪਾਰਟੀ ਦੇ ਜੱਥੇਬੰਦਕ ਢਾਂਚੇ ਦਾ ਵਿਸਥਾਰ

*** ਸਲਾਹਕਾਰ ਬੋਰਡ ਦੇ ਹੋਰ 10 ਮੈਂਬਰਾਂ ਅਤੇ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨਾਂ ਦਾ ਐਲਾਨ**

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਜੱਥੇਬੰਦੀ ਦਾ ਹੋਰ ਵਿਸਥਾਰ ਕਰਦਿਆਂ ਅੱਜ 10 ਸੀਨੀਅਰ ਆਗੂਆਂ ਨੂੰ ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ ਦਾ ਮੈਂਬਰ ਅਤੇ 19 ਸੀਨੀਅਰ ਆਗੂਆਂ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ।

ਅੱਜ ਜਾਰੀ ਕੀਤੀ ਗਈ ਸੂਚੀ ਹੇਠ ਲਿਖੇ ਅਨੁਸਾਰ ਹੈ :

ਪ੍ਰਧਾਨ ਦਾ ਸਲਾਹਕਾਰ ਬੋਰਡ: ਗੋਬਿੰਦ ਸਿੰਘ ਲੋਂਗੋਵਾਲ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਅਲਵਿੰਦਰਪਾਲ ਸਿੰਘ ਪੱਖੋਕੇ, ਕੈਪਟਨ ਬਲਬੀਰ ਸਿੰਘ ਬਾਠ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜੱਥੇਦਾਰ ਉਜਾਗਰ ਸਿੰਘ ਬਡਾਲੀ, ਬਲਬੀਰ ਸਿੰਘ ਮਿਆਣੀ, ਹਰਚਰਨ ਸਿੰਘ ਗੋਹਲਵੜੀਆ ਅਤੇ ਭਾਈ ਰਾਮ ਸਿੰਘ ਦੇ ਨਾਮ ਸ਼ਾਮਿਲ ਹਨ।

ਸੀਨੀਅਰ ਮੀਤ ਪ੍ਰਧਾਨ: ਆਦੇਸ਼ਪ੍ਰਤਾਪ ਸਿੰਘ ਕੈਰੋਂ, ਜੀਤਮਹਿੰਦਰ ਸਿੰਘ ਸਿੱਧੂ, ਮਨਪ੍ਰੀਤ ਸਿੰਘ ਇਯਾਲੀ, ਸੋਹਣ ਸਿੰਘ ਠੰਡਲ, ਹਰਮੀਤ ਸਿੰਘ ਸੰਧੂ, ਮਨਤਾਰ ਸਿੰਘ ਬਰਾੜ, ਜਗਬੀਰ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਹਰਪ੍ਰੀਤ ਸਿੰਘ ਕੋਟਭਾਈ, ਹਰੀਸ਼ ਰਾਏ ਢਾਂਡਾ, ਡਾ. ਮਹਿੰਦਰ ਕੁਮਾਰ ਰਿਣਵਾ, ਹੰਸ ਰਾਜ ਜੋਸ਼ਨ, ਐਸ.ਆਰ.ਕਲੇਰ, ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਦਰਸ਼ਨ ਸਿੰਘ ਸ਼ਿਵਾਲਿਕ, ਬੀਬੀ ਗੁਰਦੇਵ ਕੌਰ ਸੰਘਾ ਅਤੇ ਹਰਭਜਨ ਸਿੰਘ ਡੰਗ ਦੇ ਨਾਮ ਸ਼ਾਮਿਲ ਹਨ।

## ਵਿਜੀਲੈਂਸ ਬਿਊਰੋ ਵੱਲੋਂ 5 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਏ.ਐਸ.ਆਈ. ਗ੍ਰਿਫ਼ਤਾਰ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਅੱਜ ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਲਖਵਿੰਦਰ ਸਿੰਘ (899/ਕਪੂਰਥਲਾ) ਨੂੰ 5,000 ਰੁਪਏ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਦਰਜ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਉਕਤ ਦੋਸ਼ੀ ਏ.ਐਸ.ਆਈ. ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਅਵਤਾਰ ਸਿੰਘ ਵਾਸੀ ਪਿੰਡ ਆਕਾਲਾ, ਭੁਲੱਥ ਨੇ ਦੋਸ਼ ਲਗਾਇਆ ਹੈ ਕਿ ਉਕਤ ਪੁਲਿਸ ਮੁਲਾਜ਼ਮ ਨੇ ਉਸਦੇ ਲੜਕੇ ਬਾਰੇ ਪੁਲਿਸ ਸਟੇਸ਼ਨ ਵਿਖੇ ਦਰਜ ਸ਼ਿਕਾਇਤ 'ਤੇ ਕਾਰਵਾਈ ਕਰਨ ਬਦਲੇ 5,000 ਰੁਪਏ ਰਿਸ਼ਵਤ ਦੀ ਲਈ ਹੈ। ਉਹ ਇਸ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕਰਨ ਲਈ ਰਿਸ਼ਵਤ ਵਜੋਂ ਹੋਰ ਪੈਸੇ ਮੰਗ ਰਿਹਾ ਸੀ ਅਤੇ ਸ਼ਿਕਾਇਤਕਰਤਾ ਨੇ ਇਸ ਸਬੰਧੀ ਹੋਈ ਗੱਲਬਾਤ ਵੀ ਰਿਕਾਰਡ ਕਰ ਲਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਜਾਂਚ ਕੀਤੀ ਅਤੇ ਰਿਸ਼ਵਤ ਮੰਗਣ ਅਤੇ ਲੈਣ ਦੇ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਉਪਰੰਤ ਉਕਤ ਪੁਲਿਸ ਅਧਿਕਾਰੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿੱਚ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ। ਇਸ ਸਬੰਧੀ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਏ.ਐਸ.ਆਈ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਖੇਲੋ ਇੰਡੀਆ ਯੂਥ ਗੇਮਜ਼ ਦੇ ਬਾਸਕਟਬਾਲ ਤੇ ਖੋ ਖੋ ਮੁਕਾਬਲਿਆਂ ਲਈ ਟਰਾਇਲ 16 ਦਸੰਬਰ ਨੂੰ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ) - ਮੱਧ ਪ੍ਰਦੇਸ਼ ਵਿਖੇ 31 ਜਨਵਰੀ ਤੋਂ 11 ਫ਼ਰਵਰੀ ਤੱਕ ਹੋਣ ਵਾਲੀ ਖੇਲੋ ਇੰਡੀਆ ਯੂਥ ਗੇਮਜ਼ ਦੇ ਬਾਸਕਟਬਾਲ ਤੇ ਖੋ ਖੋ ਮੁਕਾਬਲਿਆਂ ਲਈ ਪੰਜਾਬ ਰਾਜ ਦੀਆਂ ਟੀਮਾਂ ਦੀ ਚੋਣ ਲਈ 16 ਦਸੰਬਰ ਨੂੰ ਟਰਾਇਲ ਸਵੇਰੇ 10 ਵਜੇ ਟਰਾਇਲ ਲਏ ਜਾਣਗੇ।

ਖੇਡ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਬਾਸਕਟਬਾਲ ਦੇ ਲੜਕੇ ਤੇ ਲੜਕੀਆਂ ਦੀ ਟੀਮ ਦੀ ਚੋਣ ਦੇ ਟਰਾਇਲ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਹੋਣਗੇ।ਖੋ ਖੋ ਲੜਕੀਆਂ ਦੀ ਟੀਮ ਲਈ ਟਰਾਇਲ ਪੋਲੋ ਗਰਾਊਂਡ ਪਟਿਆਲਾ ਵਿਖੇ ਹੋਣਗੇ। ਇਨ੍ਹਾਂ ਟਰਾਇਲਾਂ ਵਿੱਚ ਹਿੱਸਾ ਲੈਣ ਲਈ ਖਿਡਾਰੀ ਦੀ ਜਨਮ ਮਿਤੀ ਪਹਿਲੀ ਜਨਵਰੀ 2004 ਜਾਂ ਇਸ ਤੋਂ ਬਾਅਦ ਦੀ ਹੋਣੀ ਚਾਹੀਦੀ ਹੈ। ਚਾਹਵਾਨ ਖਿਡਾਰੀ ਨਿਰਧਾਰਤ ਸਮੇਂ ਅਤੇ ਸਥਾਨ ਤੇ ਪਹੁੰਚ ਕੇ ਚੋਣ ਟਰਾਇਲਾਂ ਵਿੱਚ ਹਿੱਸਾ ਲੈ ਸਕਦੇ ਹਨ।

## ਵਿੱਤ ਮੰਤਰੀ ਚੀਮਾ ਨੇ 28 ਸੈਕਸ਼ਨ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ

*** ਕਿਹਾ, ਸੈਕਸ਼ਨ ਅਫਸਰਾਂ ਦੀਆਂ ਖਾਲੀ ਪਈਆਂ ਹੋਰਨਾਂ ਆਸਾਮੀਆਂ ਲਈ ਭਰਤੀ ਪ੍ਰਕ੍ਰਿਆ ਅਧੀਨ**



ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਵਿੱਤ ਤੇ ਯੋਜਨਾ ਭਵਨ ਵਿਖੇ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਿੱਤ ਵਿਭਾਗ ਦੇ 28 ਸੈਕਸ਼ਨ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਮਜਬੂਤ ਵਿਤੀ ਪ੍ਰਬੰਧਨ ਅਤੇ ਮੁਲਾਜਮ ਪੱਖੀ ਫੈਸਲੇ ਲੈਂਦੇ ਹੋਏ ਵੈਲਫੇਅਰ ਦੀਆਂ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਬਚਨਵੱਧ ਹੈ। ਉਨ੍ਹਾਂ ਕਿਹਾ ਕਿ ਪ੍ਰਭਾਵੀ ਵਿਤੀ ਪ੍ਰਬੰਧਨ ਤੇ ਭਲਾਈ ਸਕੀਮਾਂ ਦੇ ਖਰਚਿਆਂ ਦੀ ਸਹੀ ਢੰਗ ਨਾਲ ਦੇਖਰੇਖ ਕਰਨ ਲਈ ਨਵ-ਨਿਯੁਕਤ ਸੈਕਸ਼ਨ ਅਫਸਰਾਂ ਦੀ ਵੱਖ-ਵੱਖ ਵਿਭਾਗਾਂ ਵਿੱਚ ਤੈਨਾਤੀ ਕੀਤੀ ਜਾਵੇਗੀ।

ਵਿੱਤ ਮੰਤਰੀ ਨੇ ਕਿਹਾ ਕਿ ਇਸੇ ਲੜੀ ਵਿੱਚ ਐਸ.ਏ.ਐਸ. ਕਾਡਰ ਵਿੱਚ ਨਿਯੁਕਤੀਆਂ ਸਬੰਧੀ ਕੰਮ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਲਈ ਐਸ.ਏ.ਐਸ. ਪ੍ਰੀਖਿਆ ਦੀ ਅਧਿਸੂਚਨਾ ਅਤੇ ਪੀ.ਪੀ.ਐਸ.ਸੀ. ਰਾਹੀਂ ਸਿੱਧੀ ਭਰਤੀ ਦਾ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਇਸ ਪ੍ਰਕਿਆ ਤਹਿਤ ਸੈਕਸ਼ਨ ਅਫਸਰਾਂ ਦੀਆਂ ਖਾਲੀ ਪਈਆਂ ਹੋਰਨਾਂ ਆਸਾਮੀਆਂ ਨੂੰ ਵੀ ਜਲਦੀ ਤੋਂ ਜਲਦੀ ਭਰਿਆ ਜਾਵੇਗਾ।

ਚੀਮਾ ਨੇ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਦੇ ਆਪਣੇ ਮਿਸ਼ਨ ਤਹਿਤ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਆਸਾਮੀਆਂ ਨੂੰ ਪਹਿਲ ਦੇ ਆਧਾਰ ਤੇ ਭਰਨ ਦੀ ਤਰਜੀਹ ਦਿੱਤੀ ਜਾ ਰਹੀ ਹੈ ਜਿੰਨ੍ਹਾਂ ਦਾ ਸਿੱਧਾ ਸਬੰਧ ਆਮ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਣਾ ਹੈ। ਇਸ ਮੌਕੇ ਵਿੱਤ ਮੰਤਰੀ ਵੱਲੋਂ ਸਮੂਹ ਨਵ-ਨਿਯੁਕਤ ਸੈਕਸ਼ਨ ਅਫਸਰਾਂ ਨੂੰ ਸਰਕਾਰੀ ਖਜਾਨੇ ਤੇ ਹਰਪੱਖੋਂ ਨਜਰਸ਼ਾਨੀ ਕਰਦੇ ਹੋਏ ਈਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਨਿਭਾਉਣ ਦੀ ਹਦਾਇਤ ਵੀ ਕੀਤੀ ਗਈ।

ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਸਕੱਤਰ (ਖਰਚਾ) ਮੁਹੰਮਦ ਤਾਇਬ ਅਤੇ ਵਧੀਕ ਡਾਇਰੈਕਟਰ (ਖਜਾਨਾ ਤੇ ਲੇਖਾ) ਸਿਮਰਜੀਤ ਕੌਰ ਵੀ ਹਾਜਰ ਸਨ।

## ਵੜਿੰਗ ਨੇ ਪਿਛਲੀ ਕਾਂਗਰਸ ਸਰਕਾਰ ਤਰਫੋਂ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਲਾਭ ਦਿੱਤੇ ਜਾਣ ਦੇ ਟਰਾਂਸਪੋਰਟ ਮੰਤਰੀ ਦੇ ਦਾਅਵਿਆਂ ਦਾਅਵਿਆਂ ਨੂੰ ਸਿਰੇ ਤੋਂ ਨਕਾਰਿਆ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪਿਛਲੀ ਕਾਂਗਰਸ ਸਰਕਾਰ ਤਰਫੋਂ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਲਾਭ ਦਿੱਤੇ ਜਾਣ ਦੇ ਦਾਅਵਿਆਂ ਨੂੰ ਸਿਰੇ ਤੋਂ ਨਕਾਰਿਆ ਹੈ।



ਭੁੱਲਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ, ਪਿਛਲੀ ਕਾਂਗਰਸ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਰਹੇ ਵੜਿੰਗ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਨੇ ਸਰਕਾਰੀ ਟਰਾਂਸਪੋਰਟ ਦੇ ਹਿੱਤ ਵਿੱਚ ਸਾਰੇ ਰੂਟ ਵਾਪਸ ਲੈ ਲਏ ਸਨ। ਇਸ ਸਬੰਧੀ ਉਨ੍ਹਾਂ ਦਸਤਾਵੇਜ਼ ਵੀ ਪੇਸ਼ ਕੀਤੇ।

ਪ੍ਰਾਈਵੇਟ ਟਰਾਂਸਪੋਰਟਰਾਂ ਵੱਲੋਂ ਚੰਡੀਗੜ੍ਹ ਲਈ ਬੱਸਾਂ ਚਲਾਉਣ ਬਾਰੇ ਵੜਿੰਗ ਨੇ ਕਿਹਾ ਕਿ ਇਸ ਨੀਤੀ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਕਿਉਂਕਿ ਇਸ ਨਾਲ ਸਭ ਤੋਂ ਵੱਧ ਬਾਦਲਾਂ ਦੀ ਟਰਾਂਸਪੋਰਟ ਪ੍ਰਭਾਵਿਤ ਹੋਣੀ ਸੀ, ਜਿਨ੍ਹਾਂ ਦਾ ਕੇਂਦਰ ਵਿੱਚ ਭਾਜਪਾ ਨਾਲ ਗਠਜੋੜ ਸੀ, ਜਿਸ ਕਾਰਨ ਉਨ੍ਹਾਂ ਨੇ ਕੇਂਦਰ ਤੋਂ ਇਸ ਨੀਤੀ ਨੂੰ ਮਨਜ਼ੂਰੀ ਨਹੀਂ ਮਿਲਣ ਦਿੱਤੀ।

ਸੂਬਾ ਕਾਂਗਰਸ ਪ੍ਰਧਾਨ ਨੇ ਭੁੱਲਰ ਤੋਂ ਪੁੱਛਿਆ ਕਿ ਕਿਹੜੀ ਸਰਕਾਰ ਜਾਂ ਕਿਸ ਮੰਤਰੀ ਨੇ ਰੂਟਾਂ ਦੇ ਵਧੇ ਪਰਮਿਟ ਰੱਦ ਕਰਕੇ ਸਰਕਾਰੀ ਖਜ਼ਾਨੇ ਵਿੱਚ ਵਾਧਾ ਕੀਤਾ ਸੀ। ਜਦੋਂ ਕਿ ਵੜਿੰਗ ਦੇ ਕਾਰਜਕਾਲ ਦੌਰਾਨ ਟਰਾਂਸਪੋਰਟ 'ਤੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਉਸਦੀ ਅਦਾਇਗੀ ਕਰਨੀ ਪਈ ਸੀ।

ਉਨ੍ਹਾਂ ਨੇ ਭੁੱਲਰ ਨੂੰ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਸਰਕਾਰ ਦੀਆਂ ਬੱਸਾਂ ਨੂੰ ਦਿੱਲੀ ਏਅਰਪੋਰਟ ਤੱਕ ਜਾਣ ਦੀ ਇਜਾਜ਼ਤ ਨਾ ਦੇਣ ਦਾ ਵੀ ਚੇਤਾ ਕਰਵਾਇਆ, ਜਿਸਦੇ ਕਾਰਨਾਂ ਤੋਂ ਲੋਕ ਚੰਗੀ ਤਰ੍ਹਾਂ ਜਾਣੂ ਹਨ। ਜਿਸ ਨੀਤੀ ਤੋਂ ਬਾਦਲਾਂ ਨੂੰ ਸਿੱਧਾ ਫਾਇਦਾ ਹੋਇਆ ਸੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਅਰੁਣਾਚਲ ਵਿਚ ਐਲਏਸੀ ਨੇੜੇ ਭਾਰਤੀ ਫੌਜ ਅਤੇ ਚੀਨੀ ਸੈਨਿਕਾਂ ਵਿਚਕਾਰ ਝੜਪ, ਦੋਵਾਂ ਪਾਸਿਆਂ ਦੇ ਕਈ ਸੈਨਿਕ ਜ਼ਖਮੀ



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ 'ਚ ਅਸਲ ਕੰਟਰੋਲ ਰੇਖਾ (ਐਲਏਸੀ) 'ਤੇ ਭਾਰਤੀ ਅਤੇ ਚੀਨੀ ਫੌਜੀਆਂ ਵਿਚਾਲੇ ਝੜਪ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਤਵਾਂਗ ਸੈਕਟਰ ਵਿੱਚ ਐਲਏਸੀ 'ਤੇ ਦੋਵਾਂ ਸੈਨਾਵਾਂ ਵਿਚਾਲੇ ਇਹ ਝੜਪ 9 ਦਸੰਬਰ ਦੀ ਰਾਤ ਨੂੰ ਹੋਈ ਸੀ। ਇਸ ਝੜਪ ਵਿੱਚ ਦੋਵੇਂ ਫ਼ੌਜਾਂ ਦੇ ਜਵਾਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਝੜਪ ਤੋਂ ਬਾਅਦ ਭਾਰਤ ਦੇ ਕਮਾਂਡਰਾਂ ਨੇ ਸ਼ਾਂਤੀ ਬਹਾਲ ਕਰਨ ਲਈ ਚੀਨ ਦੇ ਕਮਾਂਡਰ ਨਾਲ ਫਲੈਗ ਮੀਟਿੰਗ ਕੀਤੀ। ਜਿਸ ਤੋਂ ਬਾਅਦ ਮਾਮਲਾ ਸੁਲਝਾ ਲਿਆ ਗਿਆ।

ਹਾਲਾਂਕਿ, ਇੱਕ ਸੂਤਰ ਨੇ ਸੰਕੇਤ ਦਿੱਤਾ ਕਿ 200 ਤੋਂ ਵੱਧ ਚੀਨੀ ਸੈਨਿਕ ਸ਼ਾਮਲ ਸਨ। ਉਹ ਡੰਡੇ ਲੈ ਕੇ ਜਾ ਰਹੇ ਸਨ ਅਤੇ ਚੀਨ ਵਾਲੇ ਪਾਸੇ ਜ਼ਖਮੀਆਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ। ਹਾਲਾਂਕਿ ਇਸ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਜਾਣਕਾਰੀ ਮੁਤਾਬਕ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ ਤਵਾਂਗ ਵਿੱਚ ਐਲਏਸੀ ਤੱਕ ਪਹੁੰਚਣਾ ਚਾਹੁੰਦੀ ਸੀ। ਚੀਨੀ ਸੈਨਿਕਾਂ ਦੇ ਇਸ ਕਦਮ ਦਾ ਉੱਥੇ ਤਾਇਨਾਤ ਭਾਰਤੀ ਸੈਨਿਕਾਂ ਨੇ ਸਖ਼ਤ ਵਿਰੋਧ ਕੀਤਾ। ਇਸ ਦੌਰਾਨ ਦੋਹਾਂ ਫੌਜਾਂ ਵਿਚਾਲੇ ਝੜਪ ਵੀ ਹੋਈ। ਹਾਲਾਂਕਿ, ਭਾਰਤ ਦੇ ਸੈਨਿਕਾਂ ਨੇ ਐਲਏਸੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਚੀਨੀ ਬਲਾਂ ਨੂੰ ਪਿੱਛੇ ਧੱਕ ਦਿੱਤਾ। ਭਾਰਤੀ ਫੌਜ ਨੇ ਇੱਕ ਬਿਆਨ ਵਿੱਚ ਕਿਹਾ, "9 ਦਸੰਬਰ ਨੂੰ ਤਵਾਂਗ ਸੈਕਟਰ ਵਿੱਚ ਐਲਏਸੀ ਦੇ ਨਾਲ ਪੀਐਲਏ ਦੇ ਜਵਾਨਾਂ ਨਾਲ ਝੜਪ ਹੋਈ ਸੀ। ਸਾਡੇ ਸੈਨਿਕਾਂ ਨੇ ਦ੍ਰਿੜਤਾ ਨਾਲ ਚੀਨੀ ਸੈਨਿਕਾਂ ਦਾ ਸਾਹਮਣਾ ਕੀਤਾ। ਇਸ ਝੜਪ ਵਿਚ ਦੋਵਾਂ ਪਾਸਿਆਂ ਦੇ ਕੁਝ ਜਵਾਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਫੌਜ ਨੇ ਆਪਣੇ ਬਿਆਨ ਵਿੱਚ ਕਿਹਾ, "ਦੋਵੇਂ ਪੱਖ ਤੁਰੰਤ ਖੇਤਰ ਤੋਂ ਪਿੱਛੇ ਹਟ ਗਏ। ਇਸ ਤੋਂ ਬਾਅਦ, ਸਾਡੇ ਕਮਾਂਡਰ ਨੇ ਸਥਾਪਤ ਵਿਧੀਆਂ ਦੇ ਅਨੁਸਾਰ ਸ਼ਾਂਤੀ ਬਹਾਲ ਕਰਨ ਲਈ ਚੀਨੀ ਹਮਰੁਤਬਾ ਨਾਲ 'ਫਲੈਗ ਮੀਟਿੰਗ' ਕੀਤੀ।

## ਅੱਤਵਾਦੀਆਂ ਨੂੰ 'ਮਾੜੇ ਜਾਂ ਚੰਗੇ' ਵਜੋਂ ਸ਼੍ਰੇਣੀਬੱਧ ਕਰਨ ਦਾ ਦੌਰ ਖਤਮ ਹੋਵੇ, ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਕਿਹਾ



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਇੱਥੇ ਕਿਹਾ ਕਿ "ਸਿਆਸੀ ਸਹੂਲਤ" ਦੇ ਆਧਾਰ 'ਤੇ ਅੱਤਵਾਦੀਆਂ ਨੂੰ 'ਮਾੜੇ' ਜਾਂ 'ਚੰਗੇ' ਵਜੋਂ ਸ਼੍ਰੇਣੀਬੱਧ ਕਰਨ ਦਾ ਦੌਰ ਤੁਰੰਤ ਖਤਮ ਹੋਣਾ ਚਾਹੀਦਾ ਹੈ। ਇਸ ਨੇ ਇਕ ਸੰਕਲਪ ਪੱਤਰ ਜਾਰੀ ਕਰਦਿਆਂ ਕਿਹਾ ਕਿ ਅੱਤਵਾਦੀ ਕਾਰਵਾਈਆਂ ਨੂੰ ਧਾਰਮਿਕ ਜਾਂ ਵਿਚਾਰਧਾਰਕ ਵਜੋਂ ਸ਼੍ਰੇਣੀਬੱਧ ਕਰਨਾ ਅੱਤਵਾਦ ਨਾਲ ਲੜਨ ਦੀ ਸਾਂਝੀ ਵਿਸ਼ਵ ਵਚਨਬੱਧਤਾ ਨੂੰ ਕਮਜ਼ੋਰ ਕਰੇਗਾ। ਸੰਯੁਕਤ ਰਾਸਟਰ ਦੀ 15 ਮੈਂਬਰੀ ਸੁਰੱਖਿਆ ਪ੍ਰੀਸ਼ਦ ਦੀ ਮੌਜੂਦਾ ਚੇਅਰ ਹੋਣ ਦੇ ਨਾਤੇ, ਭਾਰਤ ਬਹੁਪੱਖੀਵਾਦ ਅਤੇ ਅੱਤਵਾਦ ਨਾਲ ਨਜਿੱਠਣ ਦੇ ਉਪਾਵਾਂ 'ਤੇ ਦੋ ਮਹੱਤਵਪੂਰਨ ਪ੍ਰੋਗਰਾਮਾਂ ਦਾ ਆਯੋਜਨ ਕਰੇਗਾ, ਜਿਸ ਦੀ ਪ੍ਰਧਾਨਗੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 14 ਅਤੇ 15 ਦਸੰਬਰ ਨੂੰ ਕਰਨਗੇ। ਬੈਠਕ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਨੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੂੰ ਇੱਕ ਪੱਤਰ ਲਿਖ ਕੇ ਕਿਹਾ ਕਿ ਇਸ ਵਿਸ਼ੇ 'ਤੇ ਚਰਚਾ ਕਰਨ ਲਈ ਇਕ ਸੰਕਲਪ ਪੱਤਰ ਸੁਰੱਖਿਆ ਪਰਿਸ਼ਦ ਦੇ ਦਸਤਾਵੇਜ਼ ਵਜੋਂ ਪ੍ਰਸਾਰਿਤ ਕੀਤਾ ਜਾਵੇ।

ਭਾਰਤ ਨੇ ਜ਼ੋਰ ਦੇ ਕੇ ਕਿਹਾ ਕਿ ਅੱਤਵਾਦ ਦੀ ਸਮੱਸਿਆ ਨੂੰ ਕਿਸੇ ਧਰਮ, ਕੌਮੀਅਤ, ਸਭਿਅਤਾ ਜਾਂ ਨਸਲੀ ਸਮੂਹ ਨਾਲ ਨਹੀਂ ਜੋੜਿਆ ਜਾ ਸਕਦਾ ਅਤੇ ਅੱਤਵਾਦ ਦੀਆਂ ਸਾਰੀਆਂ ਕਾਰਵਾਈਆਂ ਅਪਰਾਧਿਕ ਹਨ। ਪੱਤਰ ਵਿਚ ਅੱਗੇ ਕਿਹਾ ਗਿਆ ਹੈ, 'ਅੱਤਵਾਦੀ ਖਤਰੇ ਨੂੰ ਸਮੁੰਦਰੀ ਡਾਕੂਆਂ ਅਤੇ ਸੰਗਠਿਤ ਅਪਰਾਧਿਕ ਨੈੱਟਵਰਕਾਂ ਦੁਆਰਾ ਵਧਾਇਆ ਗਿਆ ਹੈ ਜੋ ਹਥਿਆਰਾਂ ਦੀ ਤਸਕਰੀ ਕਰਦੇ ਹਨ। ਪੱਛਮੀ ਅਫਰੀਕਾ ਦੇ ਤੱਟਵਰਤੀ ਖੇਤਰ ਵਿਚ ਇਹ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਭਾਰਤ ਨੇ ਕਿਹਾ ਕਿ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਕੱਟੜਪੰਥੀਕਰਨ ਅਤੇ ਕ੍ਰਿਪਟੋਕਰੰਸੀ ਦੇ ਜਰੀਏ ਅੱਤਵਾਦ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦਾ ਖਤਰਾ ਖਾਸ ਤੌਰ 'ਤੇ ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਵਧਿਆ ਹੈ।

## ਈ.ਡੀ. ਨੇ ਮੋਬਾਈਲ ਐਪ ਮਨੀ ਲਾਂਡਰਿੰਗ ਮਾਮਲੇ ਵਿਚ 51 ਕਰੋੜ ਰੁਪਏ ਤੋਂ ਵੱਧ ਦੇ ਫੰਡ ਜਬਤ ਕੀਤੇ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧਵਾਰ ਨੂੰ ਕਿਹਾ ਕਿ ਉਸਨੇ ਇੱਕ ਮੋਬਾਈਲ ਐਪ ਕੰਪਨੀ ਨਾਲ ਜੁੜੇ ਟਿਕਾਣਿਆਂ 'ਤੇ ਛਾਪੇ ਤੋਂ ਬਾਅਦ ਐਂਟੀ ਮਨੀ ਲਾਂਡਰਿੰਗ ਐਕਟ ਦੇ ਤਹਿਤ 51.11 ਕਰੋੜ ਰੁਪਏ ਦੇ ਫੰਡ ਜਬਤ ਕੀਤੇ, ਜਿਸ ਨੇ ਕਥਿਤ ਤੌਰ 'ਤੇ "ਉੱਚ ਰਿਟਰਨ" ਦਾ ਵਾਅਦਾ ਕਰਕੇ ਨਿਵੇਸ਼ਕਾਂ ਨੂੰ ਧੋਖਾ ਦਿੱਤਾ ਸੀ। ਈ.ਡੀ. ਨੇ ਮੈਟ੍ਰਿਕਸ ਪਾਰਟਨਰਜ਼ ਫੰਡ ਅਤੇ ਇਸ ਨਾਲ ਜੁੜੇ ਕੁਝ ਹੋਰ ਐਪਸ ਦੀ 'ਦੁਰਵਰਤੋਂ' ਦੇ ਸਬੰਧ ਵਿੱਚ 9 ਦਸੰਬਰ ਨੂੰ ਨੋਇਡਾ, ਪੁਣੇ ਅਤੇ ਬੈਂਗਲੁਰੂ ਵਿਚ ਛਾਪੇਮਾਰੀ ਕੀਤੀ ਸੀ।

ਨਵੰਬਰ, 2021 ਵਿਚ, ਮੇਘਾਲਿਆ ਪੁਲਿਸ ਨੇ ਐਮਪੀਐਫ ਐਪ ਨਾਲ ਜੁੜੀ ਕੰਪਨੀ/ਵਿਅਕਤੀ ਦੇ ਖਿਲਾਫ ਇੱਕ ਐਫਆਈਆਰ ਦਰਜ ਕੀਤੀ, ਜਿਸ ਦੇ ਅਧਾਰ 'ਤੇ ਈਡੀ ਨੇ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ। ਈਡੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਐਮਪੀਐਫ ਐਪ ਇੱਕ "ਘਪਲੇ ਵਾਲੀ ਨਿਵੇਸ ਐਪਲੀਕੇਸਨ ਸੀ, ਜਿਸ ਵਿੱਚ ਉੱਚ ਰਿਟਰਨ ਦਾ ਵਾਅਦਾ ਕੀਤਾ ਗਿਆ ਸੀ ਅਤੇ ਉੱਚ ਰਿਟਰਨ ਦੇ ਬਹਾਨੇ, ਦੇਸ ਭਰ ਦੇ ਨਿਵੇਸਕਾਂ ਨੇ ਇਸ ਐਪ ਰਾਹੀਂ ਆਪਣੀ ਮਿਹਨਤ ਦੀ ਕਮਾਈ ਦਾ ਨਿਵੇਸ ਕੀਤਾ ਸੀ।"

ਏਜੰਸੀ ਨੇ ਕਿਹਾ, "ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਐਪ ਨਾਲ ਕਈ ਕੰਪਨੀਆਂ ਜੁੜੀਆਂ ਹੋਈਆਂ ਹਨ, ਜੋ ਨਿਵੇਸ਼ ਘੁਟਾਲੇ, ਲੋਨ, ਖੇਡਾਂ, ਸੱਤਾ ਅਤੇ 'ਰੰਮੀ' ਆਦਿ ਨਾਲ ਸਬੰਧਤ ਕਈ ਹੋਰ ਐਪਸ ਨੂੰ ਵੀ ਚਲਾਉਂਦੀਆਂ ਹਨ।"

## ਨੇਪਾਲ ਬਾਰਡਰ 'ਤੇ ਤਾਇਨਾਤ ਜਵਾਨ ਲਾਪਤਾ

ਚੰਪਾਵਤ, 15 ਦਸੰਬਰ (ਪੋਸਟ ਬਿਊਰੋ)- ਉਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਦੇ ਤਨਕਪੁਰ ਖੇਤਰ ਵਿਚ ਨੇਪਾਲ ਸਰਹੱਦ 'ਤੇ ਚਾਮੀਗੜ ਵਿਖੇ ਤਾਇਨਾਤ ਸ਼ਸਤਰ ਸੀਮਾ ਬਲ (ਐੱਸ.ਐੱਸ.ਬੀ.) ਦਾ ਇਕ ਸਿਪਾਹੀ ਲਾਪਤਾ ਹੋ ਗਿਆ ਹੈ। ਇਸ ਸਬੰਧੀ ਐੱਸ.ਐੱਸ.ਬੀ. ਦੇ ਸਹਾਇਕ ਸਬ-ਇੰਸਪੈਕਟਰ ਨੇ ਟਨਕਪੁਰ ਕੋਤਵਾਲੀ ਵਿਚ ਜਵਾਨ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਹੈ।

ਤਨਕਪੁਰ ਦੇ ਕੋਤਵਾਲ ਚੰਦਰਮੋਹਨ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਬੀ. ਦੀ ਪੰਜਵੀਂ ਕੋਰ ਈ-ਕੰਪਨੀ, ਕਾਲਢੂੰਗਾ ਦੀ ਚਾਮੀਗੜ ਸਰਹੱਦੀ ਚੌਕੀ ਵਿੱਚ ਤਾਇਨਾਤ 35 ਸਾਲਾ ਦੀਪਕ ਕੁਮਾਰ ਯਾਦਵ ਦੇਰ ਸ਼ਾਮ ਤੋਂ ਲਾਪਤਾ ਦੱਸਿਆ ਗਿਆ ਹੈ।

ਉਸ ਨੇ ਦੱਸਿਆ ਕਿ ਰਾਜਸਥਾਨ ਦੇ ਅਲਵਰ ਢਾਕੀ ਦੇ ਰਹਿਣ ਵਾਲੇ ਜਵਾਨ ਦੀ ਭਾਲ ਲਈ ਉਸ ਦੇ ਸਾਥੀਆਂ ਨੇ ਪੂਰੇ ਕੈਂਪਸ ਦੀ ਤਲਾਸੀ ਲਈ, ਪਰ ਉਸ ਦਾ ਸੁਰਾਗ ਨਹੀਂ ਲੱਗ ਸਕਿਆ। ਇਸ ਤੋਂ ਬਾਅਦ ਪੰਚਮ ਵਾਹਿਨੀ ਦੇ ਸਹਾਇਕ ਸਬ-ਇੰਸਪੈਕਟਰ ਸ਼ੀਸ਼ਪਾਲ ਸਿੰਘ ਨੇ ਟਨਕਪੁਰ ਕੋਤਵਾਲੀ ਵਿਚ ਜਵਾਨ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ।

## ਸੀਬੀਆਈ ਨੇ ਬਿਨਾਂ ਪ੍ਰੀਖਿਆ ਦਿੱਤੇ ਇਨਕਮ ਟੈਕਸ ਵਿਭਾਗ ਵਿੱਚ ਸ਼ਾਮਲ ਹੋਣ ਵਾਲੇ 9 ਅਧਿਕਾਰੀਆਂ ਨੂੰ ਕੀਤਾ ਗ੍ਰਿਫਤਾਰ




ਨਾਗਪੁਰ, 15 ਦਸੰਬਰ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਸਟਾਫ ਸਿਲੈਕਸ਼ਨ ਕਮਿਸ਼ਨ (ਐਸਐਸਸੀ) ਦੁਆਰਾ ਕਰਵਾਈ ਗਈ ਲਾਜ਼ਮੀ ਪ੍ਰੀਖਿਆ ਵਿੱਚ ਹਾਜ਼ਰ ਨਾ ਹੋਣ ਕਾਰਨ ਆਮਦਨ ਕਰ ਵਿਭਾਗ ਦੇ 9 ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸੀਬੀਆਈ ਦੇ ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।

ਅਧਿਕਾਰੀ ਨੇ ਦੱਸਿਆ ਕਿ ਸੀਬੀਆਈ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਸੋਮਵਾਰ ਨੂੰ ਨੌਂ ਮੁਲਜ਼ਮ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਿਹਾ ਕਿ 2018 ਵਿਚ ਇਹ ਸਾਹਮਣੇ ਆਉਣ ਤੋਂ ਬਾਅਦ ਇਸ ਸਬੰਧ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਕੁਝ ਕਰਮਚਾਰੀ ਅਤੇ ਅਧਿਕਾਰੀ ਸਟਾਫ ਸਿਲੈਕਸ਼ਨ ਕਮਿਸ਼ਨ ਦੀ ਪ੍ਰੀਖਿਆ ਵਿਚ ਸ਼ਾਮਲ ਹੋਏ ਬਿਨਾਂ ਆਮਦਨ ਕਰ ਵਿਭਾਗ ਵਿਚ ਸ਼ਾਮਲ ਹੋ ਗਏ ਸਨ।

ਸੀਬੀਆਈ ਅਧਿਕਾਰੀ ਨੇ ਕਿਹਾ ਕਿ ਇਸ ਸਬੰਧ ਵਿੱਚ ਜਾਂਚ ਸ਼ੁਰੂ ਕੀਤੀ ਗਈ ਸੀ, ਜਿਸ ਤੋਂ ਬਾਅਦ ਕੇਂਦਰੀ ਏਜੰਸੀ ਨੇ ਇਨ੍ਹਾਂ ਅਧਿਕਾਰੀਆਂ ਦੀ ਪਛਾਣ ਕਰਕੇ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਲਾਂ ਦੌਰਾਨ ਇਨ੍ਹਾਂ ਵਿੱਚੋਂ ਕੁਝ ਅਧਿਕਾਰੀਆਂ ਨੂੰ ਤਰੱਕੀਆਂ ਵੀ ਮਿਲੀਆਂ ਹਨ।

## ਵਿਦਿਆਰਥੀਆਂ ਨਾਲ ਭਰੀ ਬੱਸ ਪਲਟੀ, 2 ਦੀ ਮੌਤ, 46 ਜ਼ਖਮੀ



ਮੁੰਬਈ, 15 ਦਸੰਬਰ (ਪੋਸਟ ਬਿਊਰੋ)- ਮੁੰਬਈ-ਪੁਣੇ ਐਕਸਪ੍ਰੈਸ ਵੇਅ 'ਤੇ ਵਿਦਿਆਰਥੀਆਂ ਨਾਲ ਭਰੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਵਿਚ 46 ਵਿਦਿਆਰਥੀ ਅਤੇ 2 ਅਧਿਆਪਕ ਜਖਮੀ ਹੋ ਗਏ, ਜਿਨ੍ਹਾਂ 'ਚੋਂ 2 ਦੀ ਮੌਤ ਹੋ ਗਈ ਹੈ। ਜਖਮੀਆਂ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਵਿਦਿਆਰਥੀ ਚੇਂਬੂਰ ਇਲਾਕੇ ਦੀ ਇੱਕ ਕੋਚਿੰਗ ਕਲਾਸ ਨਾਲ ਸਬੰਧਤ ਹਨ, ਜੋ ਪਿਕਨਿਕ ਮਨਾਉਣ ਲਈ ਖਪੋਲੀ ਪਹੁੰਚੇ ਸਨ। ਰਸਤੇ ਵਿਚ ਮੁੰਬਈ-ਪੁਣੇ ਐਕਸਪ੍ਰੈਸਵੇਅ 'ਤੇ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਦੇ ਸਮੇਂ ਬੱਸ ਵਿਚ 48 ਲੋਕ ਸਵਾਰ ਸਨ। ਮੁੱਢਲੀ ਜਾਣਕਾਰੀ ਅਨੁਸਾਰ ਡਰਾਈਵਰ ਵਲੋਂ ਬੱਸ ਤੋਂ ਕੰਟਰੋਲ ਖੋਹਣ ਕਾਰਨ ਇਹ ਹਾਦਸਾ ਵਾਪਰਿਆ। ਹਾਦਸੇ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਨੇ ਸਾਰਿਆਂ ਨੂੰ ਬਚਾਇਆ ਅਤੇ ਨਜਦੀਕੀ ਹਸਪਤਾਲ ਵਿਚ ਦਾਖਲ ਕਰਵਾਇਆ।

## ਸੀਏਏ ਨੂੰ ਸੰਸਦ ਦੀ ਮਨਜ਼ੂਰੀ ਦੇ ਤਿੰਨ ਸਾਲ ਪੂਰੇ ਹੋਣ 'ਤੇ ਉੱਤਰ-ਪੂਰਬ ਵਿਚ ਪ੍ਰਦਰਸਨ



ਗੁਹਾਟੀ, 15 ਦਸੰਬਰ (ਪੋਸਟ ਬਿਊਰੋ)- ਸੰਸਦ ਵਿਚ ਨਾਗਰਿਕਤਾ ਸੋਧ ਕਾਨੂੰਨ ਦੇ ਪਾਸ ਹੋਣ ਦੇ ਤਿੰਨ ਸਾਲ ਪੂਰੇ ਹੋਣ 'ਤੇ, ਉੱਤਰ-ਪੂਰਬੀ ਵਿਦਿਆਰਥੀ ਯੂਨੀਅਨ (ਐੱਨ.ਈ.ਐੱਸ.ਓ.) ਨੇ ਐਤਵਾਰ ਨੂੰ ਪੂਰੇ ਖੇਤਰ ਵਿਚ ਦਿਨ ਨੂੰ 'ਕਾਲਾ ਦਿਵਸ' ਵਜੋਂ ਮਨਾਇਆ। ਐਨ.ਈ.ਐੱਸ.ਓ. ਦੇ ਸਲਾਹਕਾਰ ਸਮੁੱਜਲ ਭੱਟਾਚਾਰੀਆ ਨੇ ਇੱਥੇ ਇੱਕ ਬਿਆਨ ਵਿੱਚ ਕਿਹਾ ਕਿ ਐਨ.ਈ.ਐੱਸ.ਓ. ਦੇ ਸੱਦੇ 'ਤੇ ਸੱਤ ਉੱਤਰ-ਪੂਰਬੀ ਰਾਜਾਂ ਵਿਚ ਕਾਲੇ ਝੰਡੇ ਅਤੇ ਬੈਨਰ ਵਿਖਾਏ ਗਏ।

ਉਨ੍ਹਾਂ ਕਿਹਾ ਕਿ ਆਲ ਅਸਾਮ ਸਟੂਡੈਂਟਸ ਯੂਨੀਅਨ (ਏ.ਏ.ਐੱਸ.ਯੂ.), ਨਾਗਾਲੈਂਡ ਸਟੂਡੈਂਟਸ ਫੈਡਰੇਸ਼ਨ, ਆਲ ਅਰੁਣਾਚਲ ਪ੍ਰਦੇਸ ਸਟੂਡੈਂਟਸ ਯੂਨੀਅਨ, ਖਾਸੀ ਸਟੂਡੈਂਟਸ ਯੂਨੀਅਨ, ਗਾਰੋ ਸਟੂਡੈਂਟਸ ਯੂਨੀਅਨ, ਆਲ ਮਨੀਪੁਰ ਸਟੂਡੈਂਟਸ ਯੂਨੀਅਨ, ਮਿਜ਼ੋ ਜਿਰਲਾਈ ਪਵਲ ਅਤੇ ਤ੍ਰਿਪੁਰਾ ਸਟੂਡੈਂਟਸ ਫੈਡਰੇਸ਼ਨ ਨੇ ਰਾਜਾਂ ਵਿੱਚ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ।

ਇਕ ਹੋਰ ਬਿਆਨ ਵਿਚ, ਇਸਦੇ ਇੰਚਾਰਜ ਪ੍ਰਧਾਨ ਉਤਪਲ ਸ਼ਰਮਾ ਨੇ ਕਿਹਾ ਕਿ ਅਸਾਮ ਵਿਚ, ਜੋ ਕਿ 2019 ਵਿਚ ਸੀਏਏ ਵਿਰੋਧੀ ਪ੍ਰਦਰਸਨਾਂ ਦਾ ਕੇਂਦਰ ਸੀ, ਏਏਐਸਯੂ ਨੇ ਵੱਖ-ਵੱਖ ਥਾਵਾਂ 'ਤੇ ਯਾਦਗਾਰੀ ਮੀਟਿੰਗਾਂ ਦਾ ਆਯੋਜਨ ਕੀਤਾ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਅੰਦੋਲਨ ਦੌਰਾਨ ਸ਼ਹੀਦ ਹੋਏ ਪੰਜ ਵਿਅਕਤੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਮਿੱਟੀ ਦੇ ਦੀਵੇ ਜਗਾਏ ਗਏ।

## ਰਾਮਗੜ੍ਹ ਦੀ ਕਾਂਗਰਸੀ ਵਿਧਾਇਕਾ ਨੂੰ ਪੰਜ ਸਾਲ ਦੀ ਕੈਦ



ਹਜ਼ਾਰੀਬਾਗ, 15 ਦਸੰਬਰ (ਪੋਸਟ ਬਿਊਰੋ)- ਝਾਰਖੰਡ ਦੀ ਵਿਸ਼ੇਸ਼ ਐੱਮ.ਪੀ/ਐਮਐਲਏ ਅਦਾਲਤ ਨੇ ਮੰਗਲਵਾਰ ਨੂੰ ਰਾਮਗੜ੍ਹ ਸੀਟ ਤੋਂ ਕਾਂਗਰਸ ਵਿਧਾਇਕ ਮਮਤਾ ਦੇਵੀ ਸਮੇਤ 13 ਲੋਕਾਂ ਨੂੰ 2016 ਵਿੱਚ ਇਨਲੈਂਡ ਪਾਵਰ ਲਿਮਟਿਡ ਕੰਪਨੀ ਨੂੰ ਬੰਦ ਕਰਨ ਲਈ ਅੰਦੋਲਨ ਦੌਰਾਨ ਗੋਲੀਬਾਰੀ ਦੀ ਘਟਨਾ ਵਿੱਚ ਦੋਸ਼ੀ ਠਹਿਰਾਉਂਦਿਆਂ ਪੰਜ-ਪੰਜ ਸਾਲ ਦੀ ਸਜ਼ਾ ਸੁਣਾਈ। ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਮਮਤਾ ਦੇਵੀ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਖ਼ਤਮ ਹੋ ਗਈ ਹੈ। ਸਰਕਾਰੀ ਵਕੀਲ ਸ਼ੰਕਰ ਬੈਨਰਜੀ ਨੇ ਦੱਸਿਆ ਕਿ ਹਜ਼ਾਰੀਬਾਗ ਦੀ ਵਿਸ਼ੇਸ਼ ਐੱਮ.ਪੀ/ਐਮਐਲਏ ਅਦਾਲਤ ਦੇ ਜੱਜ ਪਵਨ ਕੁਮਾਰ ਨੇ ਅੱਜ ਸਜ਼ਾ ਸੁਣਾਈ। 8 ਦਸੰਬਰ ਨੂੰ ਹੀ ਅਦਾਲਤ ਨੇ ਇਨ੍ਹਾਂ ਸਾਰਿਆਂ ਨੂੰ ਕਤਲ ਦੀ ਕੋਸ਼ਿਸ਼ ਸਮੇਤ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੰਦਿਆਂ ਜੇਲ੍ਹ ਭੇਜ ਦਿੱਤਾ ਸੀ। ਅਦਾਲਤ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਮਾਮਲੇ ਵਿੱਚ ਅੱਜ ਸਾਰੇ ਦੋਸ਼ੀਆਂ ਨੂੰ ਸਜ਼ਾ ਸੁਣਾਈ। ਜ਼ਿਕਰਯੋਗ ਹੈ ਕਿ 2016 'ਚ ਰਾਮਗੜ੍ਹ 'ਚ ਇਨਲੈਂਡ ਪਾਵਰ ਲਿਮਟਿਡ ਕੰਪਨੀ ਨੂੰ ਬੰਦ ਕਰਵਾਉਣ ਲਈ ਚੱਲ ਰਹੇ ਅੰਦੋਲਨ ਦੌਰਾਨ ਗੋਲੀਬਾਰੀ ਦੀ ਘਟਨਾ 'ਚ ਦੋ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਮੈਜਿਸਟ੍ਰੇਟ ਅਤੇ ਪੁਲਸ ਕਰਮਚਾਰੀਆਂ ਸਮੇਤ ਇਕ ਦਰਜਨ ਹੋਰ ਜ਼ਖਮੀ ਹੋ ਗਏ ਸਨ।

## ਐਂਬੂਲੈਂਸ ਵਿਚ ਲਿਜਾ ਰਹੇ ਸਨ 39 ਕਰੋੜ ਰੁਪਏ ਦੀਆਂ ਯਾਬਾ ਗੋਲੀਆਂ ਤੇ ਹੈਰੋਇਨ, 3 ਗ੍ਰਿਫ਼ਤਾਰ



ਗੁਹਾਟੀ, 15 ਦਸੰਬਰ (ਪੋਸਟ ਬਿਊਰੋ)- ਅਸਮ ਦੇ ਗੁਹਾਟੀ ਵਿਚ ਇੱਕ ਐਂਬੂਲੈਂਸ ਅਤੇ ਕਰੀਮਗੰਜ ਜ਼ਿਲ੍ਹੇ ਵਿੱਚ ਬੁੱਧਵਾਰ ਤੜਕੇ ਇੱਕ ਹੋਰ ਵਾਹਨ ਵਿੱਚੋਂ 39 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜਬਤ ਕੀਤੇ ਗਏ। ਇਸ ਸਬੰਧ ਵਿਚ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਦੇ ਸੰਯੁਕਤ ਕਮਿਸ਼ਨਰ ਪਾਰਥ ਸਾਰਥੀ ਮਹੰਤ ਨੇ ਦੱਸਿਆ ਕਿ ਇੱਕ ਖੁਫੀਆ ਸੂਚਨਾ ਦੇ ਆਧਾਰ 'ਤੇ ਪੁਲਿਸ ਟੀਮ ਨੇ ਹੇਂਗੜਾਬਾੜੀ ਖੇਤਰ ਦੇ ਇੱਕ ਅਪਾਰਟਮੈਂਟ ਦੇ ਪਾਰਕਿੰਗ ਖੇਤਰ ਵਿਚ ਖੜ੍ਹੀ ਮਣੀਪੁਰ ਰਜਿਸਟ੍ਰੇਸਨ ਨੰਬਰ ਵਾਲੀ ਐਂਬੂਲੈਂਸ ਦੀ ਤਲਾਸ਼ੀ ਲਈ।

ਵਾਹਨ ਦੀ ਡੂੰਘਾਈ ਨਾਲ ਤਲਾਸ਼ੀ ਲੈਣ ਤੋਂ ਬਾਅਦ 50 ਹਜ਼ਾਰ ਯਾਬਾ ਦੀਆਂ ਗੋਲੀਆਂ ਅਤੇ 200 ਗ੍ਰਾਮ ਹੈਰੋਇਨ ਮਿਲੀ। ਡਰੱਗ ਦੀ ਕੀਮਤ ਕਰੀਬ 14.1 ਕਰੋੜ ਰੁਪਏ ਹੋਵੇਗੀ। ਮਹੰਤ ਨੇ ਕਿਹਾ ਕਿ ਰਾਜ ਵਿਚ ਇਹ ਪਹਿਲੀ ਵਾਰ ਹੈ ਕਿ ਐਂਬੂਲੈਂਸ ਰਾਹੀਂ ਨਸ਼ਿਆਂ ਦੀ ਤਸਕਰੀ ਕੀਤੀ ਗਈ ਹੈ ਅਤੇ ਇਹ ਐਂਬੂਲੈਂਸ ਮਨੀਪੁਰ ਤੋਂ ਸੂਬੇ ਵਿੱਚ ਦਾਖਲ ਹੋਣ ਤੋਂ ਬਾਅਦ ਕਈ ਪੁਲਿਸ ਚੌਕੀਆਂ ਨੂੰ ਬਾਈਪਾਸ ਕਰਦੀ ਹੈ। ਉਨ੍ਹਾਂ ਦੱਸਿਆ ਕਿ ਮੇਘਾਲਿਆ ਤੋਂ ਇੱਕ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਭੂਮਿਕਾ ਦੇ ਦੋਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

ਇੱਕ ਅੰਤਰ-ਰਾਜੀ ਡਰੱਗ ਕਾਰਟੈਲ ਦੁਆਰਾ ਭੇਜੀ ਗਈ ਖੇਪ ਮੇਘਾਲਿਆ ਦੇ ਰਸਤੇ ਬੰਗਲਾਦੇਸ ਭੇਜੀ ਜਾਣੀ ਸੀ। ਇਸ ਰੈਕੇਟ ਵਿਚ ਸ਼ਾਮਲ ਹੋਰਾਂ ਨੂੰ ਫੜਨ ਲਈ ਜਾਂਚ ਤੇਜ ਕਰ ਦਿੱਤੀ ਗਈ ਹੈ।

## ਰਾਜਸਥਾਨ ਦੇ ਕੋਟਾ 'ਚ 3 ਕੋਚਿੰਗ ਵਿਦਿਆਰਥੀਆਂ ਕੀਤੀ ਖੁਦਕੁਸ਼ੀ

ਜੈਪੁਰ, 15 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਕੋਟਾ 'ਚ ਕੋਚਿੰਗ ਕਰ ਰਹੇ ਤਿੰਨ ਵਿਦਿਆਰਥੀਆਂ ਨੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਵਿਦਿਆਰਥੀਆਂ ਵਿੱਚੋਂ ਦੋ ਬਿਹਾਰ ਅਤੇ ਇੱਕ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਜਿਨ੍ਹਾਂ ਦੀ ਉਮਰ 16, 17 ਅਤੇ 18 ਸਾਲ ਸੀ। ਮ੍ਰਿਤਕ ਵਿਦਿਆਰਥੀਆਂ ਵਿੱਚ ਅੰਕੁਸ਼ ਅਤੇ ਉਜਵਲ ਦੋਵੇਂ ਵਿਦਿਆਰਥੀ ਬਿਹਾਰ ਦੇ ਰਹਿਣ ਵਾਲੇ ਸਨ, ਜੋ ਇੱਕੋ ਹੋਸਟਲ ਵਿੱਚ ਰਹਿੰਦੇ ਸਨ। ਇਕ ਇੰਜੀਨੀਅਰਿੰਗ ਦੀ ਕੋਚਿੰਗ ਕਰ ਰਿਹਾ ਸੀ ਜਦਕਿ ਦੂਜਾ ਮੈਡੀਕਲ ਦੀ ਤਿਆਰੀ ਕਰ ਰਿਹਾ ਸੀ। ਮੱਧ ਪ੍ਰਦੇਸ਼ ਦਾ ਵਿਦਿਆਰਥੀ ਪ੍ਰਣਵ ਨੀਟ ਦੀ ਤਿਆਰੀ ਕਰਦਾ ਸੀ।

ਮਹੱਤਵਪੂਰਨ ਗੱਲ ਇਹ ਹੈ ਕਿ ਕੋਟਾ ਇੰਜੀਨੀਅਰਿੰਗ ਅਤੇ ਮੈਡੀਕਲ ਪ੍ਰੀਖਿਆਵਾਂ ਦੀ ਤਿਆਰੀ ਲਈ ਪੂਰੇ ਦੇਸ਼ ਵਿੱਚ ਮਸ਼ਹੂਰ ਹੈ। ਹਾਲਾਂਕਿ, ਹਾਲ ਹੀ ਦੇ ਸਮੇਂ ਵਿੱਚ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਦੇ ਕਈ ਮਾਮਲੇ ਸਾਹਮਣੇ ਆਏ ਹਨ।

## ਭੀਮਾ-ਕੋਰੇਗਾਂਵ ਹਿੰਸਾ ਮਾਮਲੇ ਵਿਚ ਹੈਕਰ ਨੇ ਫਾਦਰ ਸਟੈਨ ਸਵਾਮੀ ਦੇ ਕੰਪਿਊਟਰ 'ਚ ਲਗਾਏ 44 ਇਤਰਾਜ਼ਯੋਗ ਦਸਤਾਵੇਜ਼



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਭੀਮਾ-ਕੋਰੇਗਾਂਵ ਹਿੰਸਾ ਮਾਮਲੇ ਵਿੱਚ ਕਾਰਕੁਨ ਫਾਦਰ ਸਟੈਨ ਸਵਾਮੀ ਨਾਲ ਜੁੜੇ ਮਾਮਲੇ ਵਿੱਚ ਇੱਕ ਅਮਰੀਕੀ ਫੋਰੈਂਸਿਕ ਫਰਮ ਦੀ ਨਵੀਂ ਰਿਪੋਰਟ ਵਿੱਚ ਕਈ ਖੁਲਾਸੇ ਹੋਏ ਹਨ। ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਫਾਦਰ ਸਟੈਨ ਸਵਾਮੀ ਦੇ ਕੰਪਿਊਟਰ 'ਤੇ ਕਈ ਅਪਰਾਧਕ ਦਸਤਾਵੇਜ਼ ਲਗਾਏ ਗਏ ਸਨ। ਫਾਦਰ ਸਟੈਨ ਨੂੰ 2020 ਵਿੱਚ ਕਥਿਤ ਅੱਤਵਾਦੀ ਸਬੰਧਾਂ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਪਿਛਲੇ ਸਾਲ ਮੌਤ ਹੋ ਗਈ ਸੀ।

ਅਮਰੀਕੀ ਫੋਰੈਂਸਿਕ ਫਰਮ ਇਹ ਰਿਪੋਰਟ ਭੀਮਾ-ਕੋਰੇਗਾਂਵ ਹਿੰਸਾ ਮਾਮਲੇ ਦੀ ਜਾਂਚ ਕਰ ਰਹੀ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਦੇ ਦੋਸ਼ਾਂ 'ਤੇ ਸਵਾਲ ਉਠਾਉਂਦੀ ਹੈ। ਐਨਆਈਏ ਨੇ ਆਪਣੀ ਜਾਂਚ ਵਿੱਚ ਫਾਦਰ ਸਟੈਨ ਸਵਾਮੀ ਅਤੇ ਕਥਿਤ ਮਾਓਵਾਦੀ ਨੇਤਾਵਾਂ ਦਰਮਿਆਨ ਕਥਿਤ ਇਲੈਕਟ੍ਰਾਨਿਕ ਸੰਚਾਰ ਦੇ ਗੰਭੀਰ ਦੋਸ਼ ਲਾਏ ਸਨ। ਫਾਦਰ ਸਟੈਨ ਸਵਾਮੀ ਲਈ ਵਕੀਲਾਂ ਦੁਆਰਾ ਨਿਯੁਕਤ ਇੱਕ ਬੋਸਟਨ-ਅਧਾਰਤ ਫੋਰੈਂਸਿਕ ਸੰਸਥਾ ਆਰਸੇਨਲ ਕੰਸਲਟਿੰਗ ਦਾ ਕਹਿਣਾ ਹੈ ਕਿ ਅਖੌਤੀ ਮਾਓਵਾਦੀ ਚਿੱਠੀਆਂ ਸਮੇਤ ਲਗਭਗ 44 ਦਸਤਾਵੇਜ਼ ਇੱਕ ਅਣਪਛਾਤੇ ਸਾਈਬਰ ਹੈਕਰ ਦੁਆਰਾ ਲਗਾਏ ਗਏ ਸਨ। ਇਸ ਨੇ ਸਟੈਨ ਸਵਾਮੀ ਦੇ ਕੰਪਿਊਟਰ ਤੱਕ ਇੱਕ ਵਿਸਤ੍ਰਿਤ ਸਮੇਂ ਵਿੱਚ ਪਹੁੰਚ ਪ੍ਰਾਪਤ ਕੀਤੀ ਸੀ।

ਸ਼ੁਰੂਆਤੀ ਦਿਨਾਂ 'ਚ ਸਟੈਨ ਸਵਾਮੀ ਨੇ ਪਾਦਰੀ ਦੇ ਤੌਰ 'ਤੇ ਕੰਮ ਕੀਤਾ ਪਰ ਫਿਰ ਕਬਾਇਲੀ ਅਧਿਕਾਰਾਂ ਲਈ ਲੜਨਾ ਸ਼ੁਰੂ ਕਰ ਦਿੱਤਾ। ਇੱਕ ਮਨੁੱਖੀ ਅਧਿਕਾਰ ਕਾਰਕੁਨ ਵਜੋਂ, ਉਸਨੇ ਝਾਰਖੰਡ ਵਿੱਚ ਵਿਸਥਾਪਨ ਵਿਰੋਧੀ ਜਨਤਕ ਵਿਕਾਸ ਅੰਦੋਲਨ ਦੀ ਸਥਾਪਨਾ ਵੀ ਕੀਤੀ। ਇਹ ਜਥੇਬੰਦੀ ਆਦਿਵਾਸੀਆਂ ਅਤੇ ਦਲਿਤਾਂ ਦੇ ਹੱਕਾਂ ਲਈ ਲੜਦੀ ਹੈ। ਫਾਦਰ ਸਟੈਨ ਸਵਾਮੀ ਯੂਰੇਨੀਅਮ ਰੇਡੀਏਸ਼ਨ ਦੇ ਖਿਲਾਫ ਝਾਰਖੰਡ ਸੰਗਠਨ ਨਾਲ ਵੀ ਜੁੜੇ ਹੋਏ ਸਨ, ਜਿਸ ਨੇ ਯੂਰੇਨੀਅਮ ਕਾਰਪੋਰੇਸ਼ਨ ਦੇ ਖਿਲਾਫ 1996 ਵਿੱਚ ਅੰਦੋਲਨ ਸ਼ੁਰੂ ਕੀਤਾ ਸੀ, ਜਿਸ ਤੋਂ ਬਾਅਦ ਚਾਈਬਾਸਾ ਵਿੱਚ ਇੱਕ ਡੈਮ ਦਾ ਨਿਰਮਾਣ ਰੋਕ ਦਿੱਤਾ ਗਿਆ ਸੀ।








# ਕਾਂਗੋ ਵਿਚ ਭਾਰੀ ਮੀਂਹ ਨਾਲ ਆਇਆ ਹੜ੍ਹ, ਸੜਕਾਂ ਟੁੱਟੀਆਂ, 141 ਲੋਕਾਂ ਦੀ ਮੌਤ



ਕਿਨਸ਼ਾਸਾ, 15 ਦਸੰਬਰ (ਪੋਸਟ ਬਿਊਰੋ)- ਅਫਰੀਕੀ ਦੇਸ਼ ਕਾਂਗੋ ਦੀ ਰਾਜਧਾਨੀ ਕਿਨਸ਼ਾਸਾ ਦੇ ਬਾਹਰੀ ਜ਼ਿਲਿਆਂ ਵਿਚ ਸੋਮਵਾਰ ਦੇਰ ਰਾਤ ਤੋਂ ਮੰਗਲਵਾਰ ਤੜਕੇ ਤੱਕ ਭਾਰੀ ਮੀਂਹ ਕਾਰਣ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਣ ਘੱਟੋ-ਘੱਟ 141 ਲੋਕਾਂ ਦੀ ਮੌਤ ਹੋ ਗਈ। ਇਹ ਅੰਕੜਾ ਸਥਾਨਕ ਅਧਿਕਾਰੀਆਂ ਨੇ ਮੰਗਲਵਾਰ ਦੇਰ ਰਾਤ ਜਨਤਕ ਕੀਤਾ ਹੈ। ਕਿਨਸ਼ਾਸਾ ਸੂਬਾਈ ਜਨ ਸਿਹਤ ਮੰਤਰਾਲੇ ਦੇ ਇਕ ਬਿਆਨ ਅਨੁਸਾਰ ਭਾਰੀ ਮੀਂਹ ਕਾਰਣ 141 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 38,787 ਘਰ ਡੁੱਬ ਗਏ। ਉੱਥੇ ਕਰੀਬ 280 ਘਰ ਢਹਿ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮੀਂਹ ਨੇ ਐੱਨ.ਐੱਚ.-1 ਨੂੰ ਵੀ ਨੁਕਸਾਨ ਪਹੁੰਚਾਇਆ, ਜੋ ਕਿਨਸ਼ਾਸਾ ਨੂੰ ਮਤਾਦੀ ਦੇ ਬੰਦਰਗਾਹ ਸ਼ਹਿਰ ਨਾਲ ਜੋੜਦਾ ਹੈ। ਇਹ ਇਕ ਰੁਝੇਵੇਂ ਵਾਲਾ ਰਸਤਾ ਹੈ ਅਤੇ ਇਸ ਕਾਰਣ ਮਾਂਟ-ਨਗਾਫੁੱਲਾ ਜ਼ਿਲਿਆਂ ਦਾ ਸੰਪਰਕ ਕੱਟਿਆ ਗਿਆ ਹੈ।

# ਵਿਕਸਤ ਦੇਸ਼ ਜਲਵਾਯੂ ਪਰਿਵਰਤਨ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਜਾਪਦੇ: ਐਸ ਜੈਸ਼ੰਕਰ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸੋਮਵਾਰ ਨੂੰ ਕਿਹਾ ਕਿ ਜਲਵਾਯੂ ਪਰਿਵਰਤਨ ਲਈ ਜ਼ਿੰਮੇਵਾਰ ਦੇਸ਼ਾਂ ਨੂੰ ਗਲੋਬਲ ਵਾਰਮਿੰਗ ਨੂੰ ਵਧਣ ਤੋਂ ਰੋਕਣ ਲਈ ਤੇਜ਼ੀ ਨਾਲ ਕੰਮ ਕਰਨ ਅਤੇ ਕੰਮ ਕਰਨ ਦੀ ਲੋੜ ਹੈ। ਅਬੂ ਧਾਬੀ ਵਿੱਚ ਜਲਵਾਯੂ, ਵਿੱਤ ਅਤੇ ਤਕਨਾਲੋਜੀ ਬਾਰੇ ਇੰਡੀਆ ਗਲੋਬਲ ਫੋਰਮ ਯੂਏਈ ਸੰਮੇਲਨ ਨੂੰ ਸੰਬੋਧਨ ਕਰਦਿਆਂ, ਜੈਸ਼ੰਕਰ ਨੇ ਜਲਵਾਯੂ ਬਹਿਸ ਦੇ ਦੋਵਾਂ ਪੱਖਾਂ ਵਿੱਚ ਅੰਤਰ ਵੱਲ ਇਸ਼ਾਰਾ ਕੀਤਾ। ਇਸ ਦੇ ਤਹਿਤ, ਉਨ੍ਹਾਂ ਜਲਵਾਯੂ ਕਾਰਵਾਈ ਅਤੇ ਹਰੇ ਵਿਕਾਸ ਦੀ ਸੰਭਾਵਨਾ ਨੂੰ ਰੇਖਾਂਕਿਤ ਕੀਤਾ, ਅਤੇ ਦੂਜਾ "ਸਖਤ" ਹਿੱਸਾ, ਜਲਵਾਯੂ ਨਿਆਂ, ਜਿਸ ਲਈ ਵਿਕਾਸਸ਼ੀਲ ਦੁਨੀਆਂ ਨਾਲ ਕੀਤੇ ਵਾਅਦਿਆਂ ਦੀ ਪੂਰਤੀ ਦੀ ਲੋੜ ਹੈ।

ਜੈਸ਼ੰਕਰ ਨੇ ਕਿਹਾ, "ਮਹੱਤਵਪੂਰਨ ਗੱਲ ਇਹ ਹੈ ਕਿ ਜਿਹੜੇ ਲੋਕ ਕਾਰਬਨ ਸਪੇਸ 'ਤੇ ਕਬਜ਼ਾ ਕਰ ਰਹੇ ਹਨ, ਉਹ ਵਾਅਦਾ ਕਰਦੇ ਰਹੇ ਹਨ ਕਿ ਉਹ ਦੂਜਿਆਂ ਦੀ ਮਦਦ ਕਰਨਗੇ ਅਤੇ ਸਪੱਸ਼ਟ ਤੌਰ 'ਤੇ ਉਨ੍ਹਾਂ ਨੇ ਦੁਨੀਆ ਨੂੰ ਤੇਜ਼ੀ ਨਾਲ ਬਦਲ ਦਿੱਤਾ ਹੈ।" ਉਹ ਹਰ ਛੌਫ (ਕਾਨਫਰੰਸ ਆਫ ਪਾਰਟੀਜ਼)



ਜੋ ਰਾਹ ਵਿੱਚ ਰੁਕਾਵਟ ਬਣਾਉਂਦੀਆਂ ਹਨ। ਇਸ ਲਈ, ਅਸਲ ਸਮੱਸਿਆ ਜਿਸ ਦਾ ਤੁਸੀਂ ਅੱਜ ਸਾਹਮਣਾ ਕਰ ਰਹੇ ਹੋ, ਉਹ ਸੀਓਪੀ ਵਿਚ ਪੈਦਾ ਹੋ ਗਈ ਹੈ। ਵਿਕਸਤ ਦੇਸ਼ ਅਜੇ ਵੀ ਆਪਣੇ ਵਾਅਦੇ ਨਿਭਾਉਣ ਪ੍ਰਤੀ ਗੰਭੀਰ ਨਹੀਂ ਹਨ। ਨਿਰਾਸ਼ਾ ਵਧ ਰਹੀ ਹੈ, ਕਿਉਂਕਿ ਸੰਸਾਰ ਸਪੱਸ਼ਟ ਤੌਰ 'ਤੇ ਵਿਗੜ ਰਿਹਾ ਹੈ।

ਜੈਸ਼ੰਕਰ ਨੇ ਕਿਹਾ, "ਅੱਜ ਤੁਹਾਨੂੰ ਅਸਲ ਸਮੱਸਿਆ ਜਿਸ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹੀ ਸਮੱਸਿਆ ਹੈ ਜੋ ਅਸੀਂ ਪਹਿਲਾਂ ਕਈ ਪਾਰਟੀਆਂ ਦੇ ਸੰਮੇਲਨ ਕਰ ਚੁੱਕੇ ਹਨ। ਵਿਕਸਤ ਦੇਸ਼ ਅਜੇ ਵੀ ਆਪਣੇ ਵਾਅਦਿਆਂ ਨੂੰ ਨਿਭਾਉਣ ਪ੍ਰਤੀ ਸੁਹਿਰਦ ਨਹੀਂ ਹਨ। ਜਲਵਾਯੂ ਸੰਬੰਧੀ ਘਟਨਾਵਾਂ ਜਿੰਨੀਆਂ ਜ਼ਿਆਦਾ ਸੰਕਟਕਾਲੀਨ ਵਾਪਰਦੀਆਂ ਹਨ, ਅਸੀਂ ਉਨਾਂ ਹੀ ਸਮਝ ਸਕਾਂਗੇ ਕਿ ਵਿਕਸਤ ਦੇਸ਼ ਜਲਵਾਯੂ ਮੁੱਦੇ 'ਤੇ ਗੱਲ ਕਰਨ ਲਈ ਤਿਆਰ ਨਹੀਂ ਹਨ।"

ਵਿਦੇਸ਼ ਮੰਤਰੀ ਨੇ "ਵੱਡੇ ਉਤਸਰਜਨਾਂ" ਵਰਗੀਆਂ ਪਛਾਣਾਂ ਵਾਲੇ ਦੇਸ਼ਾਂ ਨੂੰ ਨਿਸ਼ਾਨਾ ਬਣਾਉਣ ਅਤੇ ਉਲਝਾਉਣ ਲਈ ਕੁਝ ਜਲਵਾਯੂ ਭਾਸ਼ਣ ਦੀ ਵੀ ਆਲੋਚਨਾ ਕੀਤੀ। ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਰਾਸ਼ਟਰਪਤੀ ਦੇ ਡਿਪਲੋਮੈਟਿਕ ਸਲਾਹਕਾਰ ਡਾ. ਅਨਵਰ ਮੁਹੰਮਦ ਗਰਗਸ਼ ਨਾਲ ਗੱਲਬਾਤ ਵਿੱਚ ਜੈਸ਼ੰਕਰ ਨੇ ਦੁਨੀਆ ਦੀਆਂ ਦੋ ਵੱਡੀਆਂ ਵੰਡਾਂ ਨੂੰ ਵੀ ਉਜਾਗਰ ਕੀਤਾ - ਪੂਰਬ-ਪੱਛਮੀ ਵੰਡ ਯੂਕਰੇਨ ਦੇ ਆਲੇ-ਦੁਆਲੇ ਕੇਂਦਰਿਤ ਅਤੇ ਉੱਤਰ-ਦੱਖਣੀ ਵੰਡ ਵਿਕਾਸ ਦੇ ਦੁਆਲੇ ਕੇਂਦਰਿਤ ਹੈ। ਫੋਰਮ ਨੂੰ ਸੰਬੋਧਨ ਕਰਦਿਆਂ ਜੈਸ਼ੰਕਰ ਨੇ ਕਿਹਾ, "ਯੂਕਰੇਨ ਦਾ ਵਿਕਾਸ 'ਤੇ ਵੀ ਅਸਰ ਪੈ ਰਿਹਾ ਹੈ। ਮੇਰਾ ਮੰਨਣਾ ਹੈ ਕਿ ਭਾਰਤ ਇਸ ਪਾੜੇ ਨੂੰ ਪੂਰਾ ਕਰਨ ਲਈ ਇਕੱਲਾ ਨਹੀਂ ਬਲਕਿ ਯੂਏਈ ਵਰਗੇ ਦੇਸ਼ਾਂ ਨਾਲ ਮਿਲ ਕੇ ਭੂਮਿਕਾ ਨਿਭਾ ਸਕਦਾ ਹੈ। ਅੱਜ ਇਸ ਪਾੜੇ ਨੂੰ ਪੂਰਾ ਕਰਨ ਦੀ ਲੋੜ ਹੈ।

## ਛੇ ਸਾਲ ਪੁਰਾਣੇ ਮਾਣਹਾਨੀ ਮਾਮਲੇ ਵਿਚ ਇਮਰਾਨ ਖਾਨ ਦੀ ਪਟੀਸਨ ਖਾਰਜ

ਇਸਲਾਮਾਬਾਦ, 15 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਅਦਾਲਤ ਨੇ ਛੇ ਸਾਲ ਪੁਰਾਣੇ ਮਾਣਹਾਨੀ ਦੇ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਟੀਸਨ ਨੂੰ ਖਾਰਜ ਕਰ ਦਿੱਤਾ ਹੈ। ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਸਾਹਬਾਜ ਸਰੀਫ ਨੇ ਇਮਰਾਨ ਖਿਲਾਫ 61 ਮਿਲੀਅਨ ਡਾਲਰ ਦਾ ਮਾਣਹਾਨੀ ਦਾ ਇਹ ਕੇਸ ਦਾਇਰ ਕੀਤਾ ਸੀ।

ਇਮਰਾਨ ਨੇ ਲਾਹੌਰ ਸੈਸਨ ਕੋਰਟ ਦੇ ਉਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਸ ਵਿਚ ਉਸ ਨੂੰ ਇਸ ਮਾਮਲੇ ਵਿਚ ਜਵਾਬ ਦੇਣ ਦੇ ਅਧਿਕਾਰ ਤੋਂ ਇਨਕਾਰ ਕੀਤਾ ਗਿਆ ਸੀ। ਲਾਹੌਰ ਹਾਈ ਕੋਰਟ ਦੇ ਜਸਟਿਸ ਚੌਧਰੀ ਮੁਹੰਮਦ ਇਕਬਾਲ ਨੇ ਸ਼ੁੱਕਰਵਾਰ ਨੂੰ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਮਰਾਨ ਦੀ ਪਟੀਸ਼ਨ ਖਾਰਜ ਕਰ ਦਿੱਤੀ ਅਤੇ ਸੈਸ਼ਨ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ।


# ਕਾਂਗੋ ਵਿਚ ਬਾਗੀਆਂ ਨੇ ਮਚਾਈ ਤਬਾਹੀ, 131 ਨਾਗਰਿਕ ਮਾਰੇ, 22 ਔਰਤਾਂ ਨਾਲ ਕੀਤਾ ਬਲਾਤਕਾਰ



ਕਾਂਗੋ, 15 ਦਸੰਬਰ (ਪੋਸਟ ਬਿਊਰੋ)- ਕਾਂਗੋ ਦੇ ਪੂਰਬੀ ਲੋਕਤੰਤਰੀ ਗਣਰਾਜ (ਡੀ.ਆਰ.ਸੀ.) ਵਿਚ, ਐੱਮ 23 ਵਿਦਰੋਹੀਆਂ ਨੇ 17 ਔਰਤਾਂ ਅਤੇ 12 ਬੱਚਿਆਂ ਸਮੇਤ ਘੱਟੋ ਘੱਟ 131 ਨਾਗਰਿਕਾਂ ਨੂੰ ਮਾਰ ਦਿੱਤਾ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਦੇ ਮੁੱਖ ਬੁਲਾਰੇ ਸਟੀਫਨ ਡੂਜਾਰਿਕ ਨੇ ਵੀਰਵਾਰ ਨੂੰ ਕਿਹਾ, "ਹੋਰ ਅੱਠ ਲੋਕਾਂ ਨੂੰ ਗੋਲੀ ਮਾਰ ਕੇ ਜਖਮੀ ਕਰ ਦਿੱਤਾ ਗਿਆ, 60 ਲੋਕਾਂ ਨੂੰ ਅਗਵਾ ਕਰ ਲਿਆ ਗਿਆ। ਇਸ ਦੇ ਨਾਲ ਹੀ ਘੱਟੋ-ਘੱਟ 22 ਔਰਤਾਂ ਅਤੇ ਪੰਜ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਸਾਥੀਆਂ ਨੇ ਸਾਨੂੰ ਦੱਸਿਆ ਕਿ ਪੀੜਤਾਂ ਨੂੰ ਗੋਲੀਆਂ ਅਤੇ ਚਾਕੂਆਂ ਨਾਲ ਮਾਰਿਆ ਗਿਆ ਸੀ।

ਦੁਜਾਰਿਕ ਨੇ ਕਿਹਾ, "ਸੰਯੁਕਤ ਰਾਸਟਰ ਮਿਸ਼ਨ, ਜੋ ਕਿ ਮੋਨੂਸਕੋ ਵਜੋਂ ਜਾਣਿਆ ਜਾਂਦਾ ਹੈ। 29 ਅਤੇ 30 ਨਵੰਬਰ ਨੂੰ ਉੱਤਰੀ ਕਿਵੂ ਸੂਬੇ ਦੇ ਰੁਤਸੁਰੂ ਖੇਤਰ ਦੇ ਕਿਸੀਸੇ ਅਤੇ ਬਾਂਬੋ ਪਿੰਡਾਂ ਵਿੱਚ ਨਾਗਰਿਕਾਂ ’ਤੇ ਹਮਲਿਆਂ ਦੀ ਜਾਂਚ ਕਰਨ ਤੋਂ ਬਾਅਦ ਇਸਦੀ ਪੁਸ਼ਟੀ ਹੋਈ ਹੈ। ਉਨ੍ਹਾਂ ਕਿਹਾ, "ਸੰਯੁਕਤ ਰਾਸਟਰ ਸਾਂਤੀ ਰੱਖਿਆ ਮਿਸ਼ਨ ਨਾਗਰਿਕਾਂ ਵਿਰੁੱਧ ਇਸ ਬੇਕਾਇਦ ਹਿੰਸਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਾ ਹੈ ਅਤੇ ਪੀੜਤਾਂ ਨੂੰ ਐਮਰਜੈਂਸੀ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਪੀੜਤਾਂ ਨੂੰ ਨਿਆਂ ਦਿਵਾਉਣ ਦੀਆਂ ਕੋਸ਼ਿਸ਼ਾਂ ਵਿੱਚ ਸਹਾਇਤਾ ਕਰਨ ਲਈ ਤਿਆਰ ਹੈ ਅਤੇ ਨਾਗਰਿਕਾਂ ਵਿਰੁੱਧ ਹਿੰਸਾ ਨੂੰ ਤੁਰੰਤ ਬੰਦ ਕਰਨ ਦੀ ਮੰਗ ਕਰਦਾ ਹੈ।

# ਅਮਰੀਕਾ ਨੂੰ ਮਿਲਿਆ ਊਰਜਾ ਭੰਡਾਰ, ਜਲਵਾਯੂ ਤਬਦੀਲੀ ਅਤੇ ਊਰਜਾ ਸੰਕਟ ਤੋਂ ਮਿਲੇਗਾ ਛੁਟਕਾਰਾ



ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ)- ਅਮਰੀਕੀ ਵਿਗਿਆਨੀਆਂ ਨੇ ਅਮਰੀਕਾ ਵਿੱਚ ਕੈਲੀਫੋਰਨੀਆ ਵਿੱਚ ਲਾਰੈਂਸ ਲਿਵਰਮੋਰ ਨੈਸ਼ਨਲ ਲੈਬਾਰਟਰੀ ਦੀ ਨੈਸ਼ਨਲ ਇਗਨੀਸ਼ਨ ਫੈਸਿਲਿਟੀ ਵਿੱਚ ਸਫਲਤਾਪੂਰਵਕ ਪ੍ਰਮਾਣੂ ਫਿਊਜ਼ਨ ਪ੍ਰਤੀਕ੍ਰਿਆ ਦਾ ਉਤਪਾਦਨ ਕੀਤਾ ਹੈ। ਇਸ ਕਾਰਨ ਵੱਡੀ ਮਾਤਰਾ ਵਿੱਚ ਸਾਫ਼ ਊਰਜਾ (ਕਾਰਬਨ ਮੁਕਤ ਊਰਜਾ) ਪੈਦਾ ਹੋਈ, ਜਿਸ ਦੀ ਵਰਤੋਂ ਕਈ ਤਰ੍ਹਾਂ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਸਕਦੀ ਹੈ। ਅਮਰੀਕਾ ਦੇ ਊਰਜਾ ਵਿਭਾਗ ਨੇ ਵੀ ਇਸ ਪ੍ਰਯੋਗ ਦੀ ਸਫਲਤਾ ਦਾ ਐਲਾਨ ਕੀਤਾ ਹੈ।

ਵਿਗਿਆਨੀਆਂ ਮੁਤਾਬਕ ਜੇਕਰ ਸਭ ਕੁਝ ਠੀਕ ਰਿਹਾ ਤਾਂ ਗੈਸ, ਪੈਟਰੋਲ ਅਤੇ ਡੀਜ਼ਲ ਵਰਗੀਆਂ ਜੈਵਿਕ ਊਰਜਾ 'ਤੇ ਅਮਰੀਕਾ ਦੀ ਨਿਰਭਰਤਾ ਘੱਟ ਹੋ ਸਕਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਸਾਊਦੀ ਅਰਬ, ਰੂਸ, ਕਤਰ, ਉਮਾਨ, ਨਾਈਜੀਰੀਆ ਵਰਗੇ ਤੇਲ ਉਤਪਾਦਕ ਦੇਸ਼ਾਂ ਨੂੰ ਹੋ ਸਕਦਾ ਹੈ। ਨਿਊਕਲੀਅਰ ਫਿਊਜ਼ਨ ਇੱਕ ਮਨੁੱਖ ਦੁਆਰਾ ਬਣਾਈ ਪ੍ਰਕਿਰਿਆ ਹੈ। ਇਸ ਵਿਚ ਸੂਰਜ ਨੂੰ ਸ਼ਕਤੀ ਦੇਣ ਵਾਲੀ ਊਰਜਾ ਨਕਲੀ ਰੂਪ ਵਿਚ ਪੈਦਾ ਕੀਤੀ ਜਾਂਦੀ ਹੈ। ਨਿਊਕਲੀਅਰ ਫਿਊਜ਼ਨ ਉਦੋਂ ਵਾਪਰਦਾ ਹੈ ਜਦੋਂ ਦੋ ਜਾਂ ਦੋ ਤੋਂ ਵੱਧ ਪਰਮਾਣੂ ਇੱਕ ਵੱਡੇ ਐਟਮ ਵਿੱਚ ਸ਼ਾਮਲ ਹੁੰਦੇ ਹਨ। ਇਸ ਪ੍ਰਕਿਰਿਆ ਵਿਚ ਗਰਮੀ ਦੇ ਰੂਪ ਵਿਚ ਵੱਡੀ ਮਾਤਰਾ ਵਿਚ ਊਰਜਾ ਪੈਦਾ ਹੁੰਦੀ ਹੈ।

ਦੁਨੀਆ ਭਰ ਦੇ ਵਿਗਿਆਨੀ ਦਹਾਕਿਆਂ ਤੋਂ ਨਿਊਕਲੀਅਰ ਫਿਊਜ਼ਨ ਦਾ ਅਧਿਐਨ ਕਰ ਰਹੇ ਹਨ। ਇਹ ਉਹਨਾਂ ਨੂੰ ਪਰਮਾਣੂ ਰਿਐਕਟਰਾਂ ਵਿੱਚ ਵਰਤਮਾਨ ਵਿੱਚ ਪੈਦਾ ਕੀਤੇ ਜਾ ਰਹੇ ਪ੍ਰਮਾਣੂ ਰਹਿੰਦ-ਖੂੰਹਦ ਤੋਂ ਬਿਨਾਂ ਅਸੀਮਤ ਅਤੇ ਕਾਰਬਨ ਮੁਕਤ ਊਰਜਾ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ। ਫਿਊਜ਼ਨ ਪ੍ਰੋਜੈਕਟ ਮੁੱਖ ਤੌਰ 'ਤੇ ਡਿਊਟੇਰੀਅਮ ਅਤੇ ਟ੍ਰਿਟੀਅਮ ਤੱਤ ਦੀ ਵਰਤੋਂ ਕਰਦੇ ਹਨ। ਇਹ ਦੋਵੇਂ ਹਾਈਡ੍ਰੋਜਨ ਦੇ ਆਈਸੋਟੋਪ ਹਨ।

# ਚਿੱਲੀ ਵਿਚ ਜੰਗਲ ਦੀ ਅੱਗ ਹੋਈ ਬੇਕਾਬੂ, ਸਥਾਨਕ ਲੋਕਾਂ ਦੇ ਘਰ ਸੜੇ



ਚਿਲੀ, 15 ਦਸੰਬਰ (ਪੋਸਟ ਬਿਊਰੋ)- ਚਿਲੀ ਦੇ ਮੈਟਰੋਪੋਲੀਟਨ ਇਲਾਕੇ ਵਿਚ ਜੰਗਲਾਂ ਵਿਚ ਅੱਗ ਲੱਗਣ ਕਾਰਣ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਜਖਮੀ ਹੋ ਗਏ, ਜਦਕਿ 46 ਘਰ ਸੜ ਕੇ ਸੁਆਹ ਹੋ ਗਏ। ਗ੍ਰਹਿ ਅਤੇ ਜਨਤਕ ਸੁਰੱਖਿਆ ਮੰਤਰਾਲੇ ਦੇ ਰਾਸ਼ਟਰੀ ਐਮਰਜੈਂਸੀ ਦਫ਼ਤਰ (ਓਨੇਮੀ) ਨੇ ਮੰਗਲਵਾਰ ਨੂੰ ਕਿਹਾ ਕਿ ਰਾਜਧਾਨੀ ਸੈਂਟੀਆਗੋ ਤੋਂ ਲਗਭਗ 70 ਕਿਲੋਮੀਟਰ ਦੱਖਣ-ਪੱਛਮ ਵਿਚ ਸਥਿਤ ਇੱਕ ਪੇਂਡੂ ਖੇਤਰ ਮੇਲਿਪਿਲਾ ਕਮਿਊਨ ਵਿਚ 11 ਦਸੰਬਰ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਸੀ ਅਤੇ ਇਸ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਇਸ ਦੇ ਬਾਵਜੂਦ ਅਜੇ ਤੱਕ ਇਸ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ ਹੈ।

ਅੱਗ ਕਾਰਣ ਕਰੀਬ 184 ਲੋਕ ਬੇਘਰ ਹੋ ਗਏ ਹਨ। ਮੈਡੀਕਲ ਅਧਿਕਾਰੀਆਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਜਖਮੀਆਂ ਵਿਚ ਇਕ 67 ਸਾਲਾ ਔਰਤ ਵੀ ਸ਼ਾਮਲ ਹੈ, ਜਿਸ ਦੇ ਸਰੀਰ ਦਾ 11 ਫੀਸਦੀ ਹਿੱਸਾ ਸੜ ਗਿਆ ਸੀ।





# ਖੇਡ ਤੇ ਖਿਡਾਰੀ



## ਕੋਲਕਾਤਾ ਤੋਂ 9 ਹਜ਼ਾਰ ਤੋਂ ਵੱਧ ਫੀਫਾ ਪ੍ਰਸ਼ੰਸਕ ਕਤਰ ਪਹੁੰਚੇ, ਫਾਈਨਲ ਤੋਂ ਪਹਿਲਾਂ ਹੋਰ ਵਧੇਗੀ ਗਿਣਤੀ





ਕੋਲਕਾਤਾ, ਫੀਫਾ ਵਿਸ਼ਵ ਕੱਪ ਨੂੰ ਲੈ ਕੇ ਇਸ ਸ਼ਹਿਰ ਵਿਚ ਉਤਸਾਹ ਸਿਖਰਾਂ ’ਤੇ ਹੈ ਅਤੇ ਇਸ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਚਾਰ ਸਾਲਾਂ ‘ਚ ਇਕ ਵਾਰ ਹੋਣ ਵਾਲੇ ਇਸ ਵਿਸਵ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਦਾ ਆਨੰਦ ਲੈਣ ਲਈ ਲਗਭਗ 9 ਹਜ਼ਾਰ ਪ੍ਰਸੰਸਕ ਕਤਰ ਪਹੁੰਚੇ ਹਨ। ਪ੍ਰਸੰਸਕ ਅਜੇ ਵੀ ਫਾਈਨਲ ਤੋਂ ਪਹਿਲਾਂ ਕਤਰ ਦੀਆਂ ਟਿਕਟਾਂ, ਰਿਹਾਇਸ ਦੀ ਉਪਲਬਧਤਾ ਅਤੇ ਯਾਤਰਾ ਪੈਕੇਜਾਂ ਬਾਰੇ ਪੁੱਛਗਿੱਛ ਕਰ ਰਹੇ ਹਨ, ਭਾਵੇਂ ਕਿ ਦਿੱਗਜ ਬ੍ਰਾਜੀਲ ਅਤੇ ਪੁਰਤਗਾਲ ਵਿਸ਼ਵ ਕੱਪ ਤੋਂ ਬਾਹਰ ਹੋ ਗਏ ਸਨ।

ਟਰੈਵਲ ਏਜੰਟ ਫੈਡਰੇਸ਼ਨ ਆਫ ਇੰਡੀਆ ਦੇ ਅਨਿਲ ਪੰਜਾਬੀ ਨੇ ਕਿਹਾ ਕਿ ਲਗਭਗ 10-12 ਹਜ਼ਾਰ ਫੁੱਟਬਾਲ ਪ੍ਰਸੰਸਕ ਹੁਣ ਤੱਕ ਪੂਰਬੀ ਭਾਰਤ ਤੋਂ ਕਤਰ ਦੀ ਯਾਤਰਾ ਕਰ ਚੁੱਕੇ ਹਨ, ਜਿਨ੍ਹਾਂ ਵਿਚ ਕੋਲਕਾਤਾ ਦੇ ਲਗਭਗ 9 ਹਜ਼ਾਰ ਲੋਕ ਸਾਮਲ ਹਨ। ਲੋਕ ਅਜੇ ਵੀ ਸੈਮੀਫਾਈਨਲ ਅਤੇ ਫਾਈਨਲ ਲਈ ਉੱਥੇ ਜਾਣ ਲਈ ਬਹੁਤ ਉਤਸੁਕ ਹਨ। ਅਸੀਂ ਉਮੀਦ ਕਰਦੇ ਹਾਂ ਕਿ ਇਕੱਲੇ ਕੋਲਕਾਤਾ ਤੋਂ ਘੱਟੋ-ਘੱਟ 1,500 ਹੋਰ ਲੋਕ ਇਸ ਅਰਬ ਦੇਸ਼ ਵਿਚ ਜਾਣਗੇ। ਵਿਸ਼ਵ ਫੁੱਟਬਾਲ ਗਵਰਨਿੰਗ ਬਾਡੀ (ਫੀਫਾ) ਦੇ ਪ੍ਰਧਾਨ ਜਿਯਾਨੀ ਇਨਫੈਂਟੀਨੋ ਦੇ ਅਗਲੇ ਮਹੀਨੇ ਭਾਰਤ ਆਉਣ ਦੀ ਸੰਭਾਵਨਾ ਹੈ ਅਤੇ ਭਾਰਤੀ ਫੁੱਟਬਾਲ ਦੇ ਭਵਿੱਖ ਬਾਰੇ ਚਰਚਾ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰ ਸਕਦੇ ਹਨ। ਇਹ ਜਾਣਕਾਰੀ ਸੋਮਵਾਰ ਨੂੰ ਇੱਥੇ ਹੋਈ ਆਲ ਇੰਡੀਆ ਫੁਟਬਾਲ ਫੈਡਰੇਸਨ (ਏਆਈਐਫਐਫ) ਦੀ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਮਿਲੀ। ਜੇਕਰ ਇਨਫੈਂਟਿਨੋ ਦਾ ਦੌਰਾ ਹੁੰਦਾ ਹੈ ਤਾਂ ਇਹ 11 ਤੋਂ 30 ਅਕਤੂਬਰ ਤੱਕ ਦੇਸ਼ ਵਿਚ ਹੋਣ ਵਾਲੇ ਫੀਫਾ ਮਹਿਲਾ ਅੰਡਰ-17 ਵਿਸ਼ਵ ਕੱਪ ਦੇ ਅੰਤਿਮ ਪੜਾਅ ਦੌਰਾਨ ਹੋਵੇਗਾ।

## ਕ੍ਰੋਏਸ਼ੀਆ ਨੂੰ ਹਰਾ ਕੇ ਫਾਈਨਲ ਵਿਚ ਪਹੁੰਚਿਆ ਅਰਜਨਟੀਨਾ, ਲਿਓਨਲ ਮੈਸੀ ਨੇ ਦਿਖਾਇਆ ਜਾਦੂ





ਲਿਓਨਲ ਮੇਸੀ ਦੀ ਕਪਤਾਨੀ ਵਾਲੀ ਅਰਜਨਟੀਨਾ ਦੀ ਟੀਮ ਫੀਫਾ ਵਿਸਵ ਕੱਪ 2022 ਦੇ ਫਾਈਨਲ ਵਿੱਚ ਪ੍ਰਵੇਸ ਕਰ ਚੁੱਕੀ ਹੈ। ਕਤਰ ਦੀ ਮੇਜਬਾਨੀ ਵਿਚ ਹੋ ਰਹੇ ਇਸ ਵਿਸਵ ਕੱਪ ਦੇ ਸੈਮੀਫਾਈਨਲ ਵਿੱਚ ਅਰਜਨਟੀਨਾ ਨੇ ਕ੍ਰੋਏਸੀਆ ਨੂੰ 3-0 ਨਾਲ ਹਰਾਇਆ। ਅਰਜਨਟੀਨਾ ਨੇ ਹੁਣ 2014 ਤੋਂ ਬਾਅਦ ਪਹਿਲੀ ਵਾਰ ਫਾਈਨਲ ਵਿੱਚ ਥਾਂ ਬਣਾਈ ਹੈ।

ਖਿਤਾਬ ਲਈ ਫਾਈਨਲ ਵਿੱਚ ਅਰਜਨਟੀਨਾ ਦਾ ਮੁਕਾਬਲਾ ਦੂਜੇ ਸੈਮੀਫਾਈਨਲ ਦੇ ਜੇਤੂ ਫਰਾਂਸ ਨਾਲ ਹੋਵੇਗਾ। ਇਹ ਖਿਤਾਬੀ ਮੈਚ 18 ਦਸੰਬਰ ਨੂੰ ਭਾਰਤੀ ਸਮੇਂ ਅਨੁਸਾਰ ਰਾਤ 8.30 ਵਜੇ ਖੇਡਿਆ ਜਾਵੇਗਾ। ਵਿਸਵ ਕੱਪ ‘ਚ ਲਿਓਨੇਲ ਮੇਸੀ ਦਾ ਇਹ 26ਵਾਂ ਮੈਚ ਹੋਵੇਗਾ। ਇਸ ਮੈਚ ਵਿਚ ਉਤਰਨ ਦੇ ਨਾਲ ਹੀ ਉਹ ਵਿਸਵ ਕੱਪ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਮੈਚ ਖੇਡਣ ਵਾਲਾ ਖਿਡਾਰੀ ਬਣ ਜਾਵੇਗਾ। 35 ਸਾਲਾ ਮੈਸੀ ਦਾ ਇਹ ਆਖਰੀ ਵਿਸ਼ਵ ਕੱਪ ਹੋ ਸਕਦਾ ਹੈ। ਅਜਿਹੇ ਵਿਚ ਉਹ ਆਪਣੀ ਕਪਤਾਨੀ ‘ਚ ਇਸ ਵਾਰ ਅਰਜਨਟੀਨਾ ਦੀ ਟੀਮ ਨੂੰ ਚੈਂਪੀਅਨ ਬਣਾਉਣ ਲਈ ਪੂਰੀ ਤਾਕਤ ਲਗਾ ਰਹੇ ਹਨ। ਇਸ ਵਾਰ ਅਰਜਨਟੀਨਾ ਕੋਲ ਤੀਜਾ ਖਿਤਾਬ ਜਿੱਤਣ ਦਾ ਸੁਨਹਿਰੀ ਮੌਕਾ ਹੈ। ਇਹ ਟੀਮ ਖਿਤਾਬ ਤੋਂ ਸਿਰਫ ਇੱਕ ਜਿੱਤ ਦੂਰ ਹੈ। ਅਰਜਨਟੀਨਾ ਨੇ ਹੁਣ ਤੱਕ ਦੋ ਵਾਰ 1978 ਅਤੇ 1986 ਵਿਚ ਖਿਤਾਬ ਜਿੱਤਿਆ ਸੀ।

ਲਿਓਨੇਲ ਮੈਸੀ ਦੇ ਇਸ ਵਿਸਵ ਕੱਪ ਵਿੱਚ 5 ਗੋਲ ਹਨ। ਇਸ ਦੇ ਨਾਲ ਉਸ ਨੇ ਫਰਾਂਸ ਦੇ ਕਿਲੀਅਨ ਐਮਬਾਪੇ ਦੀ ਬਰਾਬਰੀ ਕਰ ਲਈ ਹੈ। ਹੁਣ ਗੋਲਡਨ ਬੂਟ ਦੀ ਦੌੜ ਵਿੱਚ ਮੇਸੀ ਅਤੇ ਐਮਬਾਪੇ ਬਰਾਬਰੀ ’ਤੇ ਆ ਗਏ ਹਨ। ਇਸ ਦੇ ਨਾਲ ਹੀ ਮੇਸੀ ਵਿਸਵ ਕੱਪ ਦੇ ਇਤਿਹਾਸ ਵਿੱਚ ਸਭ ਤੋਂ ਵੱਧ 11 ਗੋਲ ਕਰਨ ਵਾਲੇ ਅਰਜਨਟੀਨਾ ਦੇ ਖਿਡਾਰੀ ਵੀ ਬਣ ਗਏ ਹਨ।

## ਭਾਰਤੀ ਟੀਮ ਦਾ ਚਟਗਾਂਵ ਟੈਸਟ ‘ਤੇ ਸਿਕੰਜਾ, ਦੂਜੇ ਦਿਨ ਬੰਗਲਾਦੇਸ 271 ਦੌੜਾਂ ਨਾਲ ਪਿੱਛੇ







ਚਟਗਾਂਵ ਟੈਸਟ ਵਿਚ ਦੂਜੇ ਦਿਨ ਦਾ ਖੇਡ ਖਤਮ ਹੋ ਗਿਆ ਹੈ। ਭਾਰਤੀ ਟੀਮ ਦੀ ਪਹਿਲੀ ਪਾਰੀ 404 ਦੌੜਾਂ ‘ਤੇ ਸਿਮਟ ਗਈ। ਜਵਾਬ ‘ਚ ਬੰਗਲਾਦੇਸ ਨੇ ਦੂਜੇ ਦਿਨ ਦੀ ਖੇਡ ਖਤਮ ਹੋਣ ਤੱਕ 8 ਵਿਕਟਾਂ ‘ਤੇ 133 ਦੌੜਾਂ ਬਣਾ ਲਈਆਂ ਹਨ। ਉਹ ਅਜੇ ਵੀ 271 ਦੌੜਾਂ ਨਾਲ ਪਿੱਛੇ ਹੈ ਅਤੇ ਫਾਲੋਆਨ ਦਾ ਖਤਰਾ ਮੰਡਰਾ ਰਿਹਾ ਹੈ। ਬੰਗਲਾਦੇਸ ਦੇ ਮੇਹਦੀ ਹਸਨ ਮਿਰਾਜ 16 ਅਤੇ ਇਬਾਦਤ ਹੁਸੈਨ 13 ਦੌੜਾਂ ਬਣਾ ਕੇ ਨਾਬਾਦ ਹਨ। ਜਦੋਂ ਕਿ ਭਾਰਤੀ ਟੀਮ ਲਈ ਸਪਿੰਨਰ ਕੁਲਦੀਪ ਯਾਦਵ ਨੇ 4 ਅਤੇ ਤੇਜ ਗੇਂਦਬਾਜ ਮੁਹੰਮਦ ਸਿਰਾਜ ਨੇ 3 ਵਿਕਟਾਂ ਲਈਆਂ। ਉਮੇਸ ਯਾਦਵ ਨੂੰ ਸਫਲਤਾ ਮਿਲੀ।

## ਮੇਸੀ ਨੇ ਕੀਤਾ ਸੰਨਿਆਸ ਦਾ ਐਲਾਨ, ਵਿਸ਼ਵ ਕੱਪ ਫਾਈਨਲ ਹੋਵੇਗਾ ਆਖ਼ਰੀ ਮੈਚ

ਅਰਜਨਟੀਨਾ ਦੇ ਕਪਤਾਨ ਅਤੇ ਅਨੁਭਵੀ ਫੁੱਟਬਾਲਰ ਲਿਓਨਲ ਮੇਸੀ ਨੇ ਐਲਾਨ ਕੀਤਾ ਹੈ ਕਿ ਫੀਫਾ ਵਿਸ਼ਵ ਕੱਪ 2022 ਦਾ ਫਾਈਨਲ ਉਨ੍ਹਾਂ ਦਾ ਆਖ਼ਰੀ ਵਿਸ਼ਵ ਕੱਪ ਮੈਚ ਹੋਵੇਗਾ। ਅਰਜਨਟੀਨਾ ਨੇ ਮੰਗਲਵਾਰ ਨੂੰ ਇੱਥੇ ਲੁਸੈਲ ਸਟੇਡੀਅਮ 'ਚ ਸੈਮੀਫਾਈਨਲ 'ਚ ਕ੍ਰੋਏਸ਼ੀਆ ਨੂੰ ਹਰਾ ਕੇ ਛੇਵੀਂ ਵਾਰ ਫਾਈਨਲ 'ਚ ਜਗ੍ਹਾ ਪੱਕੀ ਕੀਤੀ ਹੈ, ਜਿੱਥੇ ਉਸ ਦਾ ਸਾਹਮਣਾ ਫਰਾਂਸ ਨਾਲ ਹੋਵੇਗਾ। ਮੈਚ ਤੋਂ ਬਾਅਦ ਮੀਡੀਆ ਨੂੰ ਸੰਬੋਧਿਤ ਕਰਦੇ ਹੋਏ ਮੇਸੀ ਨੇ ਕਿਹਾ, ''ਮੈਂ ਇਹ ਉਪਲੱਬਧੀ ਹਾਸਲ ਕਰਕੇ ਬਹੁਤ ਖੁਸ਼ ਹਾਂ। ਫਾਈਨਲ ਖੇਡ ਕੇ ਵਿਸ਼ਵ ਕੱਪ 'ਚ ਆਪਣਾ ਸਫ਼ਰ ਖ਼ਤਮ ਕਰਨਾ ਬਹੁਤ ਖ਼ਾਸ ਹੈ। ਅਗਲਾ (ਵਿਸ਼ਵ ਕੱਪ) ਕਈ ਸਾਲਾਂ ਬਾਅਦ ਹੋਵੇਗਾ ਅਤੇ ਮੈਨੂੰ ਨਹੀਂ ਲੱਗਦਾ ਕਿ ਮੈਂ ਉਦੋਂ ਖੇਡ ਸਕਾਂਗਾ। ਮੇਰੇ ਵਿਸ਼ਵ ਕੱਪ ਦੇ ਸਫ਼ਰ ਨੂੰ ਖ਼ਤਮ ਕਰਨ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ।'


# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

ਸ੍ਰੀ ਅਖੰਡ ਪਾਠ ਸਾਹਿਬ ਆਰੰਭ 23 ਦਸੰਬਰ ਦਿਨ ਸ਼ੁੱਕਰਵਾਰ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਦਸੰਬਰ ਦਿਨ ਐਤਵਾਰ

ਮਾਲਟਨ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ। ਸਭ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 29ਵੀਂ ਕਮਲਜੀਤ ਖੇਡਾਂ-2022 ਮੌਕੇ ਸਨਮਾਨਤ ਕੀਤੇ ਜਾਣ ਵਾਲੇ ਖਿਡਾਰੀਆਂ ਦਾ ਐਲਾਨ

*ਵਿਕਾਸ ਠਾਕੁਰ, ਸਰਵਨਜੀਤ ਸਿੰਘ, ਗੁਰਿੰਦਰਵੀਰ ਸਿੰਘ, ਹਰਜਿੰਦਰ ਕੌਰ, ਸੁਖਪਾਲ ਸਿੰਘ ਰੰਧਾਵਾ ਤੇ ਹਰਭਜਨ ਸਿੰਘ ਰੰਧਾਵਾ ਨੂੰ 14 ਦਸੰਬਰ ਨੂੰ ਕੀਤਾ ਜਾਵੇਗਾ ਸਨਮਾਨਤ * ਸਨਮਾਨਤ ਖਿਡਾਰੀਆਂ ਨੂੰ 25-25 ਹਜ਼ਾਰ ਰੁਪਏ ਦੀ ਨਗਦ ਇਨਾਮ ਰਾਸ਼ੀ, ਸਨਮਾਨ ਪੱਤਰ, ਜੋਸ਼ੀਲਾ ਤੇ ਪੁਸਤਕਾਂ ਦਾ ਸੈਟ ਭੇਂਟ ਕੀਤਾ ਜਾਵੇਗਾ



ਲੁਧਿਆਣਾ, 15 ਦਸੰਬਰ (ਗਿਆਨ ਸਿੰਘ) - ਗੁਰਦਾਸਪੁਰ ਦੀ ਉਲੰਪੀਅਨ ਸੁਰਜੀਤ ਸਪੋਰਟਸ ਐਸੋਸੀਏਸ਼ਨ ਵੱਲੋਂ ਸ਼ੂਗਰ ਮਿੱਲ ਬਟਾਲਾ ਨੇੜਲੇ ਪਿੰਡ ਕੋਟਲਾ ਸ਼ਾਹੀਆ ਦੇ ਸੁਰਜੀਤ-ਕਮਲਜੀਤ ਖੇਡ ਕੰਪਲੈਕਸ ਵਿਖੇ 14 ਦਸੰਬਰ 2022 ਤੱਕ ਕਰਵਾਈਆਂ ਜਾ ਰਹੀਆਂ ਓਲੰਪਿਕ ਚਾਰਟਰ ਦੀਆਂ 29ਵੀਂ ਕਮਲਜੀਤ ਖੇਡਾਂ-2022 ਮੌਕੇ ਸਨਮਾਨਤ ਕੀਤੇ ਜਾਣ ਵਾਲੇ ਖਿਡਾਰੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਬਣਾਈ ਕਮੇਟੀ ਦੇ ਮੁਖੀ ਪ੍ਰੋ। ਗੁਰਭਜਨ ਸਿੰਘ ਗਿੱਲ ਨੇ ਅੱਜ ਲੁਧਿਆਣਾ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਦਸੰਬਰ ਨੂੰ ਖੇਡ ਜਗਤ ਦੀਆਂ ਛੇ ਉਘੀਆਂ ਸਖਸ਼ੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ। ਸਨਮਾਨਤ ਖਿਡਾਰੀਆਂ ਨੂੰ 25-25 ਹਜ਼ਾਰ ਰੁਪਏ ਦੀ ਨਗਦ ਇਨਾਮ ਰਾਸ਼ੀ, ਸਨਮਾਨ ਪੱਤਰ, ਜੋਸ਼ੀਲਾ ਤੇ ਪੁਸਤਕਾਂ ਦਾ ਸੈਟ ਭੇਂਟ ਕੀਤਾ ਜਾਵੇਗਾ।

ਇਸ ਵਾਰ ਅਰਜੁਨਾ ਐਵਾਰਡੀ ਵਿਕਾਸ ਠਾਕੁਰ ਨੂੰ ਸ਼ਹੀਦ ਮੇਜਰ ਵਜਿੰਦਰ ਸਿੰਘ ਸ਼ਾਹੀ ਪੰਜਾਬ ਦਾ ਗੌਰਵ ਐਵਾਰਡ, ਓਲੰਪੀਅਨ ਸਰਵਨਜੀਤ ਸਿੰਘ ਨੂੰ ਸੁਰਜੀਤ ਯਾਦਗਾਰੀ ਐਵਾਰਡ, ਅਥਲੀਟ ਗੁਰਿੰਦਰਵੀਰ ਸਿੰਘ ਨੂੰ ਕਮਲਜੀਤ ਯਾਦਗਾਰੀ ਐਵਾਰਡ, ਰਾਸ਼ਟਰਮੰਡਲ ਖੇਡਾਂ ਦੀ ਤਮਗ਼ਾ ਜੇਤੂ ਵੇਟਲਿਫਟਰ ਹਰਜਿੰਦਰ ਕੌਰ ਨੂੰ ਹਰਜੀਤ ਬਰਾੜ ਬਾਜਾਖਾਨਾ ਯਾਦਗਾਰੀ ਐਵਾਰਡ, ਕੌਮਾਂਤਰੀ ਫੁਟਬਾਲਰ ਸੁਖਪਾਲ ਸਿੰਘ ਰੰਧਾਵਾ ਨੂੰ ਮਾਝੇ ਦਾ ਮਾਣ ਐਵਾਰਡ ਅਤੇ ਭਾਰਤ ਦੇ ਸਾਬਕਾ ਚੀਫ ਕੋਚ ਅਥਲੈਟਿਕਸ ਹਰਭਜਨ ਸਿੰਘ ਰੰਧਾਵਾ (ਪਿੰਡ ਨੰਗਲੀ ਨੇੜੇ ਮਹਿਤਾ ਚੌਂਕ) ਨੂੰ ਅਮਰਜੀਤ ਸਿੰਘ ਗਰੇਵਾਲ ਯਾਦਗਾਰੀ ਐਵਾਰਡ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਪ੍ਰੋ। ਗੁਰਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕਮੇਟੀ ਦੀ ਵਰਚੂਅਲ ਮੀਟਿੰਗ ਹੋਈ ਜਿਸ ਵਿੱਚ ਕਮੇਟੀ ਮੈਂਬਰ ਪ੍ਰੋ। ਸੁਰਿੰਦਰ ਸਿੰਘ ਕਾਹਲੋਂ, ਪ੍ਰੋ। ਸੁਖਵੰਤ ਸਿੰਘ ਗਿੱਲ, ਓਲੰਪੀਅਨ ਮਨਜੀਤ ਕੌਰ ਤੇ ਖੇਡ ਲੇਖਕ ਨਵਦੀਪ ਸਿੰਘ ਗਿੱਲ ਨੇ ਹਿੱਸਾ ਲਿਆ ਅਤੇ ਵੱਖ-ਵੱਖ ਖਿਡਾਰੀਆਂ ਦੀਆਂ ਪ੍ਰਾਪਤੀਆਂ ਉਤੇ ਵਿਚਾਰ ਵਟਾਂਦਰਾ ਕਰਕੇ ਸਨਮਾਨਤ ਕੀਤੇ ਜਾਣ ਵਾਲੇ ਖਿਡਾਰੀਆਂ ਦਾ ਫੈਸਲਾ ਕੀਤਾ ਗਿਆ ਹੈ।

ਸਨਮਾਨਤ ਕੀਤੇ ਜਾਣ ਵਾਲੇ ਖਿਡਾਰੀਆਂ ਦੇ ਵੇਰਵੇ ਇਸ ਅਨੁਸਾਰ ਹਨ।

ਅਰਜੁਨਾ ਐਵਾਰਡੀ ਵਿਕਾਸ ਠਾਕੁਰ (ਸ਼ਹੀਦ ਮੇਜਰ ਵਜਿੰਦਰ ਸਿੰਘ ਸ਼ਾਹੀ ਪੰਜਾਬ ਦਾ ਗੌਰਵ ਐਵਾਰਡ)

ਲੁਧਿਆਣਾ ਦਾ ਰਹਿਣ ਵਾਲਾ ਵਿਕਾਸ ਠਾਕੁਰ ਵੇਟਲਿਫਟਿੰਗ ਵਿੱਚ ਲਗਾਤਾਰ ਤਿੰਨ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਤਮਗੇ ਜਿੱਤ ਚੁੱਕਾ ਹੈ। ਇਸ ਸਾਲ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਵਿਕਾਸ ਠਾਕੁਰ ਨੇ 96 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਮੈਡਲ ਜਿੱਤਿਆ। ਵਿਕਾਸ ਨੇ 2018 ਵਿੱਚ ਗੋਲਡ ਕੋਸਟ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਅਤੇ 2014 ਵਿੱਚ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਸੀ। ਉਸ ਨੇ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਇਕ ਸੋਨੇ, ਦੋ ਚਾਂਦੀ ਤੇ ਦੋ ਕਾਂਸੀ ਦੇ ਤਮਗੇ ਜਿੱਤੇ ਹਨ। ਇਸ ਸਾਲ ਭਾਰਤ ਸਰਕਾਰ ਵੱਲੋਂ ਐਲਾਨ ਖੇਡ ਪੁਰਸਕਾਰਾਂ ਵਿੱਚ ਵਿਕਾਸ ਠਾਕੁਰ ਦੀ ਅਰਜੁਨਾ ਐਵਾਰਡ ਲਈ ਚੋਣ ਹੋਈ ਹੈ।

ਓਲੰਪੀਅਨ ਸਰਵਨਜੀਤ ਸਿੰਘ (ਸੁਰਜੀਤ ਯਾਦਗਾਰੀ ਐਵਾਰਡ)

ਗੁਰਦਾਸਪੁਰ ਜ਼ਿਲੇ ਵਿੱਚ ਬਟਾਲਾ ਨੇੜਲੇ ਪਿੰਡ ਮਰੜ ਦਾ ਰਹਿਣ ਵਾਲਾ ਸਰਵਨਜੀਤ ਸਿੰਘ ਭਾਰਤੀ ਹਾਕੀ ਦਾ ਫਾਰਵਰਡ ਖਿਡਾਰੀ ਰਿਹਾ ਹੈ। ਉਸ ਨੇ ਭਾਰਤ ਵੱਲੋਂ 125 ਕੌਮਾਂਤਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ। ਸਰਵਨਜੀਤ ਸਿੰਘ ਨੇ ਪਿਛਲੇ ਸਾਲ 2012 ਵਿੱਚ ਲੰਡਨ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਸਰਵਨਜੀਤ ਸਿੰਘ ਨੇ 2010 ਵਿੱਚ ਨਵੀਂ ਦਿੱਲੀ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਮਗ਼ਾ, 2010 ਵਿੱਚ ਗੁਆਂਗਜ਼ੂ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗਾ ਅਤੇ 2011 ਵਿੱਚ ਹੋਈ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨੇ ਦਾ ਤਮਗਾ ਜਿੱਤਿਆ। ਉਹ ਇਸ ਵੇਲੇ ਪੰਜਾਬ ਪੁਲਿਸ ਵਿੱਚ ਡੀ।ਐਸ।ਪੀ। ਵਜੋਂ ਸੇਵਾ ਨਿਭਾ ਰਿਹਾ ਹੈ।

ਗੁਰਿੰਦਰਵੀਰ ਸਿੰਘ (ਕਮਲਜੀਤ ਯਾਦਗਾਰੀ ਐਵਾਰਡ)

ਜਲੰਧਰ ਜ਼ਿਲੇ ਦੇ ਪਿੰਡ ਪਟਿਆਲ ਭੋਗਪੁਰ ਦਾ ਰਹਿਣ ਵਾਲਾ ਗੁਰਿੰਦਰਵੀਰ ਸਿੰਘ 100 ਮੀਟਰ ਫਰਾਟਾ ਦੌੜ ਦਾ ਕੌਮਾਂਤਰੀ ਅਥਲੀਟ ਹੈ। ਉਹ ਯੂਥ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ 100 ਮੀਟਰ ਤੇ 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਦੋ ਸੋਨੇ ਦੇ ਤਮਗੇ, ਸੈਫ ਖੇਡਾਂ ਵਿੱਚ ਰਿਲੇਅ ਦੌੜ ਵਿੱਚ ਇਕ ਸੋਨੇ ਤੇ ਇਕ ਚਾਂਦੀ ਦਾ ਤਮਗ਼ਾ, ਏਸ਼ੀਅਨ ਜੂਨੀਅਰ ਚੈਂਪੀਅਨਸ਼ਿਪ ਵਿੱਚ ਰਿਲੇਅ ਦੌੜ ਵਿੱਚ ਕਾਂਸੀ ਦਾ ਤਮਗ਼ਾ ਜਿੱਤ ਚੁੱਕਾ ਹੈ। ਕੌਮੀ ਪੱਧਰ ਉਤੇ ਉਸ ਨੇ ਤਿੰਨ ਵਾਰ ਫੈਡਰੇਸ਼ਨ ਕੱਪ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਗੁਰਿੰਦਰਵੀਰ ਸਿੰਘ ਨੇ 24ਵੇਂ ਫੈਡਰੇਸ਼ਨ ਕੱਪ ਵਿੱਚ 100 ਮੀਟਰ ਵਿੱਚ 10।30 ਸਕਿੰਟ ਦਾ ਬਿਹਤਰੀਨ ਸਮਾਂ ਕੱਢਦਿਆਂ ਸੋਨੇ ਦਾ ਮੈਡਲ ਜਿੱਤਿਆ।

ਹਰਜਿੰਦਰ ਕੌਰ (ਹਰਜੀਤ ਬਰਾੜ ਬਾਜਾਖਾਨਾ ਯਾਦਗਾਰੀ ਐਵਾਰਡ)

ਨਾਭਾ ਨੇੜਲੇ ਮੈਹਸ ਪਿੰਡ ਦੀ ਰਹਿਣ ਵਾਲੀ ਹਰਜਿੰਦਰ ਕੌਰ ਸਾਧਾਰਣ ਪਰਿਵਾਰ ਦੀ ਵੱਡੀਆਂ ਪ੍ਰਾਪਤੀਆਂ ਵਾਲੀ ਖਿਡਾਰਨ ਹੈ। ਹਰਜਿੰਦਰ ਕੌਰ ਨੇ ਇਸ ਸਾਲ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਵੇਟਲਿਫਟਿੰਗ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਹਰਜਿੰਦਰ ਕੌਰ ਨੇ ਇਸ ਸਾਲ ਗੁਜਰਾਤ ਵਿਖੇ ਹੋਈਆਂ ਨੈਸ਼ਨਲ ਖੇਡਾਂ ਵਿੱਚ ਵੀ ਮੈਡਲ ਜਿੱਤਿਆ।

ਸੁਖਪਾਲ ਸਿੰਘ ਰੰਧਾਵਾ (ਮਾਝੇ ਦਾ ਮਾਣ ਐਵਾਰਡ)

ਬਟਾਲਾ ਨੇੜਲੇ ਪਿੰਡ ਗੋਧਰਪੁਰਾ ਦੇ ਜੰਮਪਲ ਸੁਖਪਾਲ ਸਿੰਘ ਰੰਧਾਵਾ ਇੰਟਰਨੈਸ਼ਨਲ ਫੁਟਬਾਲਰ ਹਨ। ਉਨ੍ਹਾਂ 7 ਵਾਰ ਨੈਸ਼ਨਲ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਚਾਰ ਸੋਨੇ ਤੇ ਇਕ ਚਾਂਦੀ ਦਾ ਤਮਗ਼ਾ ਜਿੱਤਿਆ। 8 ਵਾਰ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਹਿੱਸਾ ਲਿਆ ਅਤੇ 7 ਵਾਰ ਸੋਨੇ ਅਤੇ ਇਕ ਵਾਰ ਚਾਂਦੀ ਦਾ ਤਮਗ਼ਾ ਜਿੱਤਿਆ। ਕੌਮਾਂਤਰੀ ਪੱਧਰ 'ਤੇ ਸੁਖਪਾਲ ਸਿੰਘ ਨੇ ਸਕੂਲੀ ਪੱਧਰ 'ਤੇ ਕੋਰੀਆ ਅਤੇ ਥਾਈਲੈਂਡ ਦਾ ਦੌਰਾ ਕੀਤਾ ਜਦੋਂ ਕਿ ਜੂਨੀਅਰ ਭਾਰਤੀ ਟੀਮ ਵੱਲੋਂ ਰੂਸ ਵਿਖੇ ਹਿੱਸਾ ਲਿਆ।

ਹਰਭਜਨ ਸਿੰਘ ਰੰਧਾਵਾ (ਅਮਰਜੀਤ ਸਿੰਘ ਗਰੇਵਾਲ ਯਾਦਗਾਰੀ ਐਵਾਰਡ)

ਹਰਭਜਨ ਸਿੰਘ ਰੰਧਾਵਾ ਮਹਿਤਾ ਚੌਂਕ ਨੇੜਲੇ ਨੰਗਲੀ ਪਿੰਡ ਦੇ ਵਸਨੀਕ ਹਨ। ਹਰਭਜਨ ਸਿੰਘ ਰੰਧਾਵਾ ਦਾ ਜਨਮ ਖੇਡ ਪਰਿਵਾਰ ਵਿੱਚ ਹੋਇਆ ਜਿੱਥੇ ਉਨ੍ਹਾਂ ਦੇ ਪਿਤਾ ਮੇਜਰ ਟਹਿਲ ਸਿੰਘ ਰੰਧਾਵਾ ਵੱਡੇ ਅਥਲੀਟ ਸਨ ਉਥੇ ਛੋਟੇ ਭਰਾ ਗੁਰਬਚਨ ਸਿੰਘ ਰੰਧਾਵਾ ਟੋਕੀਓ ਓਲੰਪਿਕ ਖੇਡਾਂ-1964 ਵਿੱਚ 110 ਮੀਟਰ ਹਰਡਲਜ਼ ਦੌੜ ਵਿੱਚ ਪੰਜਵੇਂ ਸਥਾਨ ਉਤੇ ਆਏ। ਹਰਭਜਨ ਸਿੰਘ ਰੰਧਾਵਾ ਭਾਰਤੀ ਅਥਲੈਟਿਕਸ ਟੀਮ ਦੇ ਚੀਫ ਕੋਚ ਰਿਟਾਇਰ ਹੋਏ। ਉਨ੍ਹਾਂ ਦੀ ਕੋਚਿੰਗ ਹੇਠ ਭਾਰਤੀ ਅਥਲੈਟਿਕਸ ਨੇ ਸੁਨਹਿਰੀ ਪ੍ਰਾਪਤੀਆਂ ਹਾਸਲ ਕੀਤੀਆਂ।

## ਸੂਬੇ 'ਚ 2,93,975 ਦਿਵਿਆਂਗਜਨਾਂ ਨੂੰ ਯੂਡੀਆਈਡੀ ਕਾਰਡ ਜਾਰੀ: ਡਾ. ਬਲਜੀਤ ਕੌਰ

* ਸਾਰੀਆਂ ਸਕੀਮਾਂ ਦਾ ਲਾਭ ਲੈਣ ਲਈ ਇਕੋ ਇਕ ਪਛਾਣ ਦਸਤਾਵੇਜ਼ ਹੈ ਯੂਡੀਆਈਡੀ



ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਵਚਨਬੱਧ ਹੈ। ਸੂਬੇ ਦੇ 2,93,975 ਦਿਵਿਆਂਗ ਵਿਅਕਤੀਆਂ ਨੂੰ 28 ਨਵੰਬਰ 2022 ਤੱਕ ਯੂਡੀਆਈਡੀ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਨੇ ਦੱਸਿਆ ਕਿ ਦਿਵਿਆਂਗ ਵਿਅਕਤੀਆਂ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਇੱਕੋ ਕਾਰਡ ਦੇ ਆਧਾਰ 'ਤੇ ਦੇਣ ਲਈ ਯੂਨੀਕ ਡਿਸਏਬਿਲਿਟੀ ਆਈਡੈਂਟਟੀ ਕਾਰਡ ਭਾਵ ਵਿਲੱਖਣ ਦਿਵਿਆਂਗਤਾ ਪਛਾਣ ਪੱਤਰ (ਯੂਡੀਆਈਡੀ) ਜਨਰੇਟ ਕੀਤੇ ਜਾਂਦੇ ਹਨ ਤੇ ਇਸ ਦਾ ਡੇਟਾਬੇਸ ਰਾਸ਼ਟਰ ਪੱਧਰ 'ਤੇ ਤਿਆਰ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਯੂਡੀਆਈਡੀ ਪ੍ਰਾਜੈਕਟਰ ਤਹਿਤ ਰਾਜ ਦੇ 102 ਹਸਪਤਾਲਾਂ ਵਿੱਚ ਕੈਂਪ ਲਗਾ ਕੇ ਇਹ ਪਛਾਣ ਪੱਤਰ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੋਰਟਲ ੰ।ਸੱਅਵਲਅਮ-ਬਅਨਚਅਰਦ।ਗੋਵ।ਨਿ 'ਤੇ ਪ੍ਰਾਪਤ ਹੋਈਆਂ ਅਰਜ਼ੀਆਂ ਵਿੱਚੋਂ ਯੋਗ ਦਿਵਿਆਂਗ ਵਿਅਕਤੀਆਂ ਨੂੰ 28 ਨਵੰਬਰ 2022 ਤੱਕ 2,93,975 ਯੂਡੀਆਈਡੀ ਕਾਰਡ ਜਾਰੀ ਕੀਤੇ ਗਏ ਹਨ ਤੇ ਭਾਰਤ ਸਰਕਾਰ ਵਲੋਂ ਸਾਂਝੀ ਕੀਤੀ ਗਈ ਰੋਜ਼ਾਨਾ ਰਿਪੋਰਟ ਅਨੁਸਾਰ ਪੰਜਾਬ ਰਾਜ ਨੂੰ 11ਵਾਂ ਦਰਜਾ ਹਾਸਲ ਹੋਇਆ ਹੈ।

ਡਾ।ਬਲਜੀਤ ਕੌਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਦਿਵਿਆਂਗ ਵਿਅਕਤੀਆਂ ਲਈ ਡਿਸਏਬਿਲਟੀ ਸੈੱਲ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਪਰਪਿਤ ਸੈੱਲ ਅਪਾਹਜ ਵਿਅਕਤੀਆਂ ਲਈ ਅਪੰਗਤਾ ਸਕੀਮਾਂ ਦੇ ਲਾਭ ਲੈਣ ਲਈ ਇੱਕ ਸਿੰਗਲ ਵਿੰਡੋ ਪਲੇਟਫਾਰਮ ਹੋਵੇਗਾ। ਉਨ੍ਹਾਂ ਸੂਬੇ ਦੇ ਦਿਵਿਆਂਗਜਨਾਂ ਨੂੰ ਅਪੀਲ ਕੀਤੀ ਕਿ ਉਹ ਸੇਵਾ ਕੇਂਦਰਾਂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰਾਂ ਜਾਂ ਸਿਵਲ ਹਸਪਤਾਲ ਵਿਖੇ ਸੰਪਰਕ ਕਰਕੇ ਯੂਡੀਆਈਡੀ ਕਾਰਡ ਲਈ ਜ਼ਰੂਰ ਅਪਲਾਈ ਕਰਨ ਤਾਂ ਜੋ ਉਹ ਸਰਕਾਰੀ ਸਕੀਮਾਂ ਦੇ ਲਾਭ ਤੋਂ ਵਾਂਝੇ ਨਾ ਰਹਿਣ।

## ਜ਼ਿਲ੍ਹਾ ਸਿੱਖਿਆ ਅਫਸਰ ਨੇ ਵਿਦਿਆਰਥਣ ਮੁਸਕਾਨ ਨੂੰ ਸਰਟੀਫਿਕੇਟ ਅਤੇ ਯਾਂਦਗਾਰ ਚਿੰਨ੍ਹ ਭੇਂਟ ਕਰਕੇ ਕੀਤਾ ਸਨਮਾਨਤ



ਪਠਾਨਕੋਟ, 15 ਦਸੰਬਰ (ਰਾਜਿੰਦਰ ਸਿੰਘ ਰਾਜਨ)- ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਰਾਜੇਸ ਕੁਮਾਰ ਨੇ ਸਿੱਖਿਆ ਖੇਤਰ ਵਿੱਚ ਮੱਲਾਂ ਮਾਰਨ ਤੇ ਐਸ.ਐਮ.ਐਸ.ਡੀ. ਰਾਜਪੂਤ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਮੁਸਕਾਨ ਨੂੰ ਸਰਟੀਫਿਕੇਟ ਅਤੇ ਯਾਂਦਗਾਰ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਜਿਕਰਯੋਗ ਹੈ ਕਿ ਪਿਛਲੇ ਦਿਨ੍ਹਾਂ ਦੋਰਾਨ ਜ਼ਿਲ੍ਹਾ ਪ੍ਰਸਾਸਨ ਵੱਲੋਂ ਸਿੱਖਿਆ ਖੇਤਰ ਵਿੱਚ ਦਸਵੀਂ ਅਤੇ ਬਾਹਰਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਜਿਨ੍ਹਾਂ ਜ਼ਿਲ੍ਹੇ ਅਤੇ ਪੰਜਾਬ ਅੰਦਰ ਸਿੱਖਿਆ ਖੇਤਰ ਅੰਦਰ ਇੱਕ ਵੱਖਰੀ ਥਾਂ ਬਣਾਈ ਸੀ ਉਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਸੀ। ਜਿਨ੍ਹਾਂ ਵਿੱਚ ਸੁਜਾਨਪੁਰ ਨਿਵਾਸੀ ਮੁਸਕਾਨ ਸਰਮਾ ਸਪੁੱਤਰੀ ਰਾਕੇਸ ਕੁਮਾਰ ਸਰਮਾ ਦਾ ਨਾਮ ਵੀ ਸਾਮਲ ਸੀ ਮੁਸਕਾਨ ਨੇ ਦਸਵੀਂ ਵਿੱਚ ਜ਼ਿਲ੍ਹੇ ਵਿੱਚੋਂ ਚੋਥਾਂ ਅਤੇ ਪੰਜਾਬ ਅੰਦਰ 15ਵਾਂ ਸਥਾਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਕਾਰਨ ਕਰਕੇ ਅਪਣਾ ਸਨਮਾਨ ਪ੍ਰਾਪਤ ਨਹੀਂ ਕਰ ਸਕੀ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਸਿੱਖਿਆ ਵਿਭਾਗ ਤੋਂ ਮੁਨੀਸ ਗੁਪਤਾ ਜ਼ਿਲ੍ਹਾ ਕੋਆਰਡੀਨੇਟਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜਰ ਸਨ।


## CHANGE OF NAME

I, **Kamalpreet Kaur Dhillon** daughter of Jaswinder Singh Gill, **resident of Village- Markhai, Tehsil Zira, Distt. Ferozepur, 142047, Punjab, India and presently residing at 383 Robert Parkinson Drive, Brampton, ON L7A4B8**, do hereby change my name from **Kamalpreet Kaur Dhillon to Prachi Sharma,** with immediate effect. Henceforth, I shall be known as **Prachi Sharma** for all purposes.



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ



647-998-7500 ਬਲਵਿੰਦਰ

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host



Iqbal Mahal Producer & Host
Serving the South Asian Community Since 1976

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਫਿਲਮੀ ਦੁਨੀਆ

## ਸਿਧਾਰਥ ਆਨੰਦ ਦੀਪਿਕਾ ਨੂੰ ਗਲੈਮਰਸ ਅੰਦਾਜ਼ ਵਿੱਚ ਪੇਸ਼ ਕਰਨਾ ਚਾਹੁੰਦੇ ਹਨ



ਫਿਲਮ ‘ਪਠਾਨ’ ਦੇ ਨਿਰਦੇਸ਼ਕ ਸਿਧਾਰਥ ਆਨੰਦ ਦਾ ਕਹਿਣਾ ਹੈ ਕਿ ਉਸ ਦੀ ਅਗਲੀ ਐਕਸ਼ਨ ਫਿਲਮ ਵਿੱਚ ਉਹ ਅਦਾਕਾਰਾ ਦੀਪਿਕਾ ਪਾਦੂਕੋਨ ਨੂੰ ਹੁਣ ਤੱਕ ਦੇ ਸਭ ਤੋਂ ਗਲੈਮਰਸ ਅਵਤਾਰ ਵਿੱਚ ਪੇਸ਼ ਕਰਨਾ ਚਾਹੁੰਦਾ ਹੈ। ਸਿਧਾਰਥ ਨੇ ਕਿਹਾ ਕਿ ਦੀਪਿਕਾ ਪਾਦੂਕੋਨ ਇੱਕ ਬਿਹਤਰੀਨ ਅਦਾਕਾਰਾ ਹੋਣ ਦੇ ਨਾਲ-ਨਾਲ ਦੇਸ਼ ਦੀਆਂ ਸਭ ਤੋਂ ਖ਼ੂਬਸੂਰਤ ਅਦਾਕਾਰਾਵਾਂ ਵਿੱਚੋਂ ਇੱਕ ਹੈ, ਜਿਸ ਦੀ ਸ਼ਖ਼ਸੀਅਤ ਹਰ ਫਿਲਮ ਨਾਲ ਹੋਰ ਨਿੱਖਰੀ ਹੈ। ਦੀਪਿਕਾ ਨੂੰ ਇਸ ਫਿਲਮ ਵਿੱਚ ਲੈਣ ਦਾ ਫੈਸਲਾ ਬਹੁਤ ਹੀ ਸੁਭਾਵਕ ਸੀ ਕਿਉਂਕਿ ਉਹ ਬਿਨਾਂ ਕਿਸੇ ਖ਼ਾਸ ਮਿਹਨਤ ਤੋਂ ਬਹੁਤ ਖ਼ੂਬਸੂਰਤ ਲੱਗ ਸਕਦੀ ਹੈ। ਇਸ ਲਈ ਜਦੋਂ ਫਿਲਮ ਵਿੱਚ ਦੀਪਿਕਾ ਹੁੰਦੀ ਹੈ ਤਾਂ ਤੁਹਾਨੂੰ ਉਸ ਦੀ ਸ਼ਖ਼ਸੀਅਤ ਨਾਲ ਨਿਆਂ ਕਰਨ ਲਈ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਯਕੀਨੀ ਬਣਾਉਣਾ ਪੈਂਦਾ ਹੈ।” ਸਿਧਾਰਥ ਨੇ ਕਿਹਾ, “ਮੈਂ ਦੀਪਿਕਾ ਨੂੰ ਹੁਣ ਤੱਕ ਦੇ ਸਭ ਤੋਂ ਗਲੈਮਰਸ ਅਵਤਾਰ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ ਤੇ ਹੁਣ ਇਸ ਨੂੰ ਅਮਲ ਵਿੱਚ ਲਿਆਉਣਾ ਮੇਰਾ ਤੇ ਮੇਰੀ ਟੀਮ ਦਾ ਮਿਸ਼ਨ ਹੈ।” ਜ਼ਿਕਰਯੋਗ ਹੈ ਕਿ ਫਿਲਮ ‘ਪਠਾਨ’ 25 ਜਨਵਰੀ ਨੂੰ ਹਿੰਦੀ, ਤਾਮਿਲ ਤੇ ਤੇਲਗੂ ਭਾਸ਼ਾਵਾਂ ਵਿੱਚ ਰਿਲੀਜ਼ ਕੀਤੀ ਜਾਵੇਗੀ।

## ਸ਼ਾਹਰੁਖ਼ ਨਾਲ ਸੈੱਟ ’ਤੇ ਓਪਰਾ ਨਹੀਂ ਲੱਗਿਆ : ਰਿਧੀ ਡੋਗਰਾ



ਰਿਧੀ ਡੋਗਰਾ ਲਈ ਨਵਾਂ ਸਾਲ ਬਹੁਤ ਖਾਸ ਹੋਵੇਗਾ, ਕਿਉਂਕਿ ਅਗਲੇ ਸਾਲ ਉਸ ਕੋਲ ਬਹੁਤ ਸਾਰੇ ਪ੍ਰਾਜੈਕਟ ਹਨ ਅਤੇ ਉਸ ਦੀ ਪਹਿਲੀ ਫ਼ਿਲਮ ਰਿਲੀਜ਼ ਹੋਣ ਵਾਲੀ ਹੈ। ਰਿਧੀ ਨੇ ਟੈਲੀਵਿਜ਼ਨ ਜਗਤ ਬਹੁਤ ਸ਼ਾਨਦਾਰ ਕੰਮ ਕੀਤਾ ਹੈ। ਰਿਧੀ ਹੁਣ ਵੱਡੇ ਪਰਦੇ ’ਤੇ ਛਾਉਣ ਲਈ ਤਿਆਰ ਹੈ। ਉਹ ਸ਼ਾਹਰੁਖ਼ ਖਾਨ ਨਾਲ ਫ਼ਿਲਮ ‘ਜਵਾਨ’ ਅਤੇ ਸਲਮਾਨ ਖਾਨ ਨਾਲ ਫ਼ਿਲਮ ‘ਟਾਈਗਰ 3’ ਵਿੱਚ ਦਿਖਾਈ ਦੇਵੇਗੀ। ਅਦਾਕਾਰਾ ਨੇ ਨਵੇਂ ਸਾਲ ਵਿਚ ਆਪਣੇ ਪ੍ਰਾਜੈਕਟਾਂ ਅਤੇ ਸ਼ਾਹਰੁਖ ਖਾਨ ਦੇ ਦਿੱਲੀ ਨਾਲ ਸਬੰਧਾਂ ਬਾਰੇ ਗੱਲਬਾਤ ਕੀਤੀ ਹੈ। ਰਿਧੀ ਨੇ ਆਖਿਆ, “ਮੈਂ ਅਗਲੇ ਸਾਲ ਨੂੰ ਲੈ ਕੇ ਕਾਫੀ ਖੁਸ਼ ਹਾਂ ਕਿਉਂਕਿ ਮੈਂ ਕਈ ਅਹਿਮ ਪ੍ਰਾਜੈਕਟਾਂ ਵਿੱਚ ਮਾਰੂਫ ਸਿਤਾਰਿਆਂ ਤੇ ਕਹਾਣੀਕਾਰਾਂ ਨਾਲ ਕੰਮ ਕੀਤਾ ਹੈ।” ਸ਼ਾਹਰੁਖ ਬਾਰੇ ਗੱਲਬਾਤ ਕਰਦਿਆਂ ਰਿਧੀ ਨੇ ਆਖਿਆ, “ਉਹ ਬਹੁਤ ਨਿਮਰ ਅਤੇ ਸਾਧਾਰਨ ਸਹਿ-ਅਦਾਕਾਰ ਹਨ। ਉਨ੍ਹਾਂ ਨਾਲ ਹਰ ਸੈੱਟ ’ਤੇ ਖਾਸ ਕਰਕੇ ‘ਜਵਾਨ’ ਦੇ ਸੈੱਟ ਕੰਮ ਕਰਨ ਸਮੇਂ ਬਹੁਤ ਸੁਖਾਵਾਂ ਮਾਹੌਲ ਸੀ। ਸ਼ਾਖਰੁਖ ਖਾਨ ਦਿੱਲੀ ਨਾਲ ਸਬੰਧਤ ਹੋਣ ਕਰਕੇ ਸੂਟਿੰਗ ਦੌਰਾਨ ਮੈਨੂੰ ਕੁਝ ਵੀ ਓਪਰਾ ਨਹੀਂ ਲੱਗਿਆ। ਮੈਂ ਉਨ੍ਹਾਂ ਨਾਲ ਗੱਲਬਾਤ ਕਰਦੀ ਰਹੀ।

## ਫਾਸਟ ਫੂਡ ਕੰਪਨੀ ਮੈਕਡੌਨਲਡ ਦੇ ਬਰਾਂਡ ਅੰਬੈਸਡਰ ਬਣੇ ਕਾਰਤਿਕ ਆਰੀਅਨ



ਕਾਰਤਿਕ ਆਰੀਅਨ ਬਾਲੀਵੁੱਡ ਦਾ ਨਵਾਂ ਸੁਪਰਸਟਾਰ ਹੈ। ਐਕਟਰ ਦੀ ਹਾਲੀਆ ਫਿਲਮ ‘ਫਰੈਡੀ’ ਨੇ ਉਸ ਨੂੰ ਬਾਲੀਵੁੱਡ ਦੇ ਨਵੇਂ ਸੁਪਰਸਟਾਰ ਵਜੋਂ ਸਥਾਪਤ ਕਰ ਦਿੱਤਾ ਹੈ। ਚਾਰੇ ਪਾਸੇ ਕਾਰਤਿਕ ਆਰੀਅਨ ਛਾਇਆ ਹੋਇਆ ਹੈ। ‘ਫਰੈਡੀ’ ‘ਚ ਕਾਰਤਿਕ ਨੇ ਡਾ. ਫਰੈਡੀ ਜਿਨਵਾਲਾ ਦਾ ਕਿਰਦਾਰ ਨਿਭਾਇਆ ਹੈ। ਇਸ ਕਿਰਦਾਰ ਲਈ ਹਰ ਪਾਸੇ ਕਾਰਤਿਕ ਦੀ ਜੰਮ ਕੇ ਤਾਰੀਫ ਹੋ ਰਹੀ ਹੈ। ਹੁਣ ਕਾਰਤਿਕ ਆਰੀਅਨ ਮੁੜ ਤੋਂ ਸੁਰਖੀਆਂ ‘ਚ ਆ ਗਿਆ ਹੈ।

ਦਰਅਸਲ, ਫਾਸਟ ਫੂਡ ਕੰਪਨੀ ਮੈਕਡਾਨਲਡਜ਼ ਨੇ ਕਾਰਤਿਕ ਆਰੀਅਨ ਨੂੰ ਆਪਣਾ ਨਵਾਂ ਬਰਾਂਡ ਅੰਬੈਸਡਰ ਬਣਾਇਆ ਹੈ। ਦੱਸ ਦਈਏ ਕਿ ਮੈਕਡਾਨਲਡ ਭਾਰਤ ‘ਚ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਫਾਸਟ ਫੂਡ ਬਰਾਂਡਾਂ ਵਿੱਚੋਂ ਇੱਕ ਹੈ। ਅਜਿਹੀ ਕੰਪਨੀ ਦਾ ਬਰਾਂਡ ਬਣਨਾ ਕਾਰਤਿਕ ਲਈ ਬੜੇ ਮਾਣ ਵਾਲੀ ਗੱਲ ਹੈ। ਦੂਜੇ ਪਾਸੇ ਕਾਰਤਿਕ ਆਰੀਅਨ ਦੇ ਫੈਨਜ਼ ਵੀ ਇਸ ਤੋਂ ਕਾਫੀ ਖੁਸ਼ ਨਜ਼ਰ ਆ ਰਹੇ ਹਨ।

ਉੱਧਰ, ਮੈਕਡਾਨਲਡ ਇੰਡੀਆ (ਉੱਤਰ ਤੇ ਪੂਰਬ) ਦੇ ਚੇਅਰਮੈਨ ਸੰਜੀਵ ਅਗਰਵਾਲ ਨੇ ਕਿਹਾ, ‘ਕਾਰਤਿਕ ਇੱਕ ਯੂਥ ਆਈਕਨ ਹੈ ਅਤੇ ਮੈਕਡੋਨਲਡਜ਼ ਵਾਂਗ ਪਰਿਵਾਰਾਂ ਵਿੱਚ ਇੱਕ ਪ੍ਰਸਿੱਧ ਨਾਮ ਹੈ। ਕਾਰਤਿਕ ਦੀ ਖਾਸ ਨੌਜਵਾਨਾਂ ‘ਚ ਸਭ ਤੋਂ ਵੱਧ ਫੈਨ ਫਾਲੋਇੰਗ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਕਾਰਤਿਕ ਦੇ ਮੈਕਡਾਨਲਡਜ਼ ਨਾਲ ਜੁੜਨ ਨਾਲ ਸਾਡੀ ਕੰਪਨੀ ਨੂੰ ਹੋਰ ਜ਼ਿਆਦਾ ਫਾਇਦਾ ਹੋਵੇਗਾ। ਅਸੀਂ ਮੈਕਫੈਮਲੀ ਵਿੱਚ ਉਸਦਾ ਸਵਾਗਤ ਕਰਨ ਲਈ ਉਤਸ਼ਾਹਿਤ ਹਾਂ ਅਤੇ ਇੱਕ ਵਧੀਆ ਸਾਂਝੇਦਾਰੀ ਦੀ ਉਮੀਦ ਕਰਦੇ ਹਾਂ।’

## ਮੀਰਾ ਨੇ ਆਲੀਆ ਨੂੰ ਦਿੱਤਾ ਚਾਹ ਦਾ ਸੱਦਾ



ਸ਼ਾਹਿਦ ਕਪੂਰ ਦੀ ਪਤਨੀ ਮੀਰਾ ਰਾਜਪੂਤ ਨੇ ਸੋਸ਼ਲ ਮੀਡੀਆ ਰਾਹੀਂ ਅਦਾਕਾਰਾ ਆਲੀਆ ਭੱਟ ਨੂੰ ਚਾਹ ਦਾ ਸੱਦਾ ਦਿੱਤਾ ਹੈ। ਹਾਲ ਹੀ ਵਿੱਚ ਮੀਰਾ ਨੇ ਆਪਣੇ ਸਮੁੰਦਰ ਕੰਢੇ ਬਣੇ ਘਰ ਵਿੱਚ ਸ਼ਾਮ ਵੇਲੇ ਦੀ ਆਪਣੀ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਵਿੱਚ ਗੁਜਰਾਤੀ ਵਿਅੰਜਨ ਉਂਧੀਉ ਤੇ ਨਾਲ ਚਾਹ ਵਾਲਾ ਇੱਕ ਗਿਲਾਸ ਪਿਆ ਹੈ। ਤਸਵੀਰ ਨਾਲ ਮੀਰਾ ਨੇ ਲਿਖਿਆ ਹੈ, “ਉਂਧੀਉ ! ਮੈਨੂੰ ਪੂਰਾ ਯਕੀਨ ਹੈ ਕਿ ਮੈਂ ਪਿਛਲੇ ਜਨਮ ਿ ਵ ੱ ਚ ਗੁਜਰਾਤੀ ਸੀ।” ਇਸ ਤਸਵੀਰ ’ਤੇ ਪ੍ਰਤੀਕਿਰਿਆ ਦਿੰਦਿਆਂ ਅਦਾਕਾਰਾ ਆਲੀਆ ਭੱਟ ਨੇ ਕਿਹਾ, “ਮੈਨੂੰ ਵੀ ਇਹ ਚਾਹ ਦਾ ਕੱਪ ਚਾਹੀਦਾ ਹੈ।” ਇਸ ਦੇ ਜਵਾਬ ਵਿੱਚ ਮੀਰਾ ਨੇ ਆਲੀਆ ਨੂੰ ਚਾਹ ਦਾ ਸੱਦਾ ਦਿੰਦਿਆਂ ਕਿਹਾ, “ਆਲੀਆ ਭੱਟ ਮੰਮੀ, ਹੁਣ ਵੇਲਾ ਹੈ ਕਿ ਤੁਸੀਂ ਸਮੁੰਦਰ ਦੀਆਂ ਦੂਰੀਆਂ ਨੂੰ ਪਾਰ ਕਰੋ।” ਮੀਰਾ ਰਾਜਪੂਤ ਅਕਸਰ ਸੋਸ਼ਲ ਮੀਡੀਆ ’ਤੇ ਤੰਦਰੁਸਤ ਸਿਹਤ ਪੱਖੀ ਪੋਸਟਾਂ ਸਾਂਝੀਆਂ ਕਰਦੀ ਹੈ। ਇਸ ਤੋਂ ਪਹਿਲਾਂ ਮੀਰਾ ਨੇ ਸਵੇਰ ਵੇਲੇ ਕਸਰਤ ਕਰਨ ਮਗਰੋਂ ਚਿਹਰੇ ’ਤੇ ਆਏ ਨਿਖਾਰ ਵਾਲੀ ਇਕ ਤਸਵੀਰ ਸਾਂਝੀ ਕਰਦਿਆਂ ਲਿਖਿਆ ਸੀ, “ਸਵੇਰ ਵੇਲੇ ਦੀ ਕਸਰਤ। ਮੈਂ ਆਪਣੇ ਪਤੀ ਸ਼ਾਹਿਦ ਦੀ ਥਾਂ ਆਪਣੀ ਘੜੀ ਦੀ ਸ਼ੁਕਰਗੁਜ਼ਾਰ ਹਾਂ, ਜਿਸ ਦੀ ਤੇਜ਼ ਆਵਾਜ਼ ਨੇ ਮੈਨੂੰ ਸਵੇਰੇ 5 ਵਜੇ ਉਠਾਇਆ।”

## ‘ਗੋਲਡਨ ਗਲੋਬਸ ਐਵਾਰਡਸ 2023’ ਬੈਸਟ ਫ਼ਿਲਮ ਲਈ ਨਾਮਜ਼ਦ ਹੋਈ ‘ਆਰ. ਆਰ. ਆਰ.’



ਐੱਸ. ਐੱਸ. ਰਾਜਾਮੌਲੀ ਦੀ ਫ਼ਿਲਮ ‘ਆਰ. ਆਰ. ਆਰ.’ ਨੂੰ ‘ਗੋਲਡਨ ਗਲੋਬਸ ਐਵਾਰਡਸ 2023’ ’ਚ ਗੈਰ-ਅੰਗਰੇਜ਼ੀ ਭਾਸ਼ਾ ਕੈਟਾਗਿਰੀ ’ਚ ਬੈਸਟ ਫ਼ਿਲਮ ਲਈ ਨਾਮੀਨੇਟ ਕੀਤਾ ਗਿਆ ਹੈ। ‘ਹਾਲੀਵੁੱਡ ਫੋਰੇਨ ਪ੍ਰੈੱਸ ਐਸੋਸੀਏਸ਼ਨ’ ਨੇ ਸੋਮਵਾਰ ਨੂੰ ‘ਗੋਲਡਨ ਗਲੋਬਸ ਐਵਾਰਡਸ’ ਦੇ ਟਵਿਟਰ ਪੇਜ ’ਤੇ ਇਹ ਖ਼ਬਰ ਸਾਂਝੀ ਕੀਤੀ।

‘ਆਰ. ਆਰ. ਆਰ.’ ਦਾ ਮੁਕਾਬਲਾ ਕੋਰੀਆਈ ਫ਼ਿਲਮ ‘ਡਿਸੀਜ਼ਨ ਟੂ ਲੀਵ’, ਜਰਮਨ ਫ਼ਿਲਮ ‘ਕਵਾਈਟ ਔਨ ਵੈਸਟਰਨ ਫਰੰਟ’, ਅਰਜਨਟੀਨਾ ਦੀ ਫ਼ਿਲਮ ‘ਅਰਜਨਟੀਨਾ, 1985’ ਤੇ ਫਰਾਂਸੀਸੀ-ਡੱਚ ਫ਼ਿਲਮ ‘ਕਲੋਜ਼’ ਨਾਲ ਹੈ।

ਇਸੇ ਸਾਲ ਰਿਲੀਜ਼ ਹੋਈ ਫ਼ਿਲਮ ‘ਆਰ. ਆਰ. ਆਰ.’ ’ਚ ਸਾਊਥ ਅਦਾਕਾਰ ਜੂਨੀਅਰ ਐੱਨ. ਟੀ. ਆਰ. ਤੇ ਰਾਮ ਚਰਨ ਨਾਲ ਬਾਲੀਵੁੱਡ ਅਦਾਕਾਰਾ ਆਲੀਆ ਭੱਟ ਤੇ ਅਦਾਕਾਰ ਅਜੇ ਦੇਵਗਨ ਵੀ ਨਜ਼ਰ ਆਏ ਸਨ। ਇਸ ਵਿਚਾਲੇ ਫ਼ਿਲਮ ਦੇ ਸੰਗੀਤਕਾਰ ਐੱਮ. ਐੱਮ. ਕੀਰਵਾਨੀ ਨੂੰ ‘ਲਾਸ ਏਂਜਲਸ ਫ਼ਿਲਮ ਕ੍ਰਿਟਿਕਸ ਐਸੋਸੀਏਸ਼ਨ’ ਦਾ ਸਰਵਸ੍ਰੇਸ਼ਠ ਸੰਗੀਤ ਨਿਰਦੇਸ਼ਕ ਦਾ ਐਵਾਰਡ ਮਿਲਿਆ ਹੈ।

## ਮਾਨੁਸ਼ੀ ਛਿੱਲਰ ਸੰਯੁਕਤ ਰਾਸ਼ਟਰ ਨਾਲ ਮਿਲਕੇ ਕੰਮ ਕਰੇਗੀ



ਸੁੰਦਰਤਾ ਦੀ ਮਿਸਾਲ ਬਣ ਚੁੱਕੀ ਬਾਲੀਵੁੱਡ ਅਦਾਕਾਰਾ ਅਤੇ ਸਾਬਕਾ ਮਿਸ-ਵਰਲਡ ਮਾਨੁਸ਼ੀ ਛਿੱਲਰ ਅਕਸਰ ਔਰਤਾਂ ਦੀ ਬਿਹਤਰੀ ਲਈ ਸਮਾਜ ’ਚ ਲੋਕਾਂ ’ਚ ਜਾਗਰੂਕਤਾ ਫੈਲਾਉਣ ਲਈ ਕਈ ਮੁਹਿੰਮਾਂ ਨਾਲ ਜੁੜੀ ਰਹਿੰਦੀ ਹੈ। ਬਹੁਤ ਮਸ਼ਹੂਰ ਅਭਿਨੇਤਰੀ ਹੁਣ ਸੰਯੁਕਤ ਰਾਸ਼ਟਰ ਡਿਪ੍ਰੀਵੇਸ਼ਨ ਪ੍ਰੋਗਰਾਮ ਦੁਆਰਾ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਸ਼ੁਰੂ ਕੀਤੀ ਗਲੋਬਲ ਮੁਹਿੰਮ ਦਾ ਹਿੱਸਾ ਬਣ ਗਈ ਹੈ। ਮਾਨੁਸ਼ੀ ਛਿੱਲਰ ਦਾ ਕਹਿਣਾ ਹੈ ਕਿ, "ਅਜਿਹੇ ਹੀ ਇਕ ਮੁੱਦੇ ’ਤੇ ਨਾਲ ਜੁੜਨਾ ਮੇਰੇ ਲਈ ਬੜੇ ਮਾਣ ਅਤੇ ਸਨਮਾਨ ਦੀ ਗੱਲ ਹੈ। ਇਸ ਮੁਹਿੰਮ ਦੇ ਜ਼ਰੀਏ, ਅਸੀਂ ਹਰ ਕਿਸੇ ਨੂੰ ਔਰਤਾਂ ਵਿਰੁੱਧ ਹਿੰਸਾ ਦੇ ਨਤੀਜਿਆਂ ਬਾਰੇ ਜਾਗਰੂਕ ਕਰਨ ਅਤੇ ਇਸ ਵਿਰੁੱਧ ਆਵਾਜ਼ ਉਠਾਉਣ ਲਈ ਉਤਸ਼ਾਹਿਤ ਕਰਨ ਦੀ ਕੋਸ਼ਸ਼ਿ ਕਰ ਰਹੇ ਹਾਂ।

Tri-City
Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777



Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8




$1,399,999
CASTLEMORE/GOREWAY




$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।
Website: www.queenswood.com
Address: 2023 William, Pkwy, Unit 3, Brampton, ON, L6S 5N1

# ਟਾਈਗਰਜ਼ ਸੰਸਥਾ ਵੱਲੋਂ 'ਮਿਰੇਕਲ ਆਨ ਮੇਨ ਸਟਰੀਟ' ਟਾਏ ਡਰਾਈਵ ਚੈਰਿਟੀ ਈਵੈਂਟਸ ਦੀਆਂ ਝਲਕੀਆਂ। ਇਸ ਦੌਰਾਨ ਬੱਚਿਆਂ ਨੂੰ ਵੱਡੀ ਪੱਧਰ 'ਤੇ ਖਿਡੌਣੇ ਵੰਡੇ ਗਏ।









